ੴ ਵਾਹਿਗੁਰੂ ਜੀ ਕੀ ਫ਼ਤਹਿ॥

# ਗੁਰਮਤਿ ਪ੍ਰਸਾਰ ਪੱਤਰ

ਲੜੀ/ਅੰਕ ਨੰ: 15/11 ਨਵੰਬਰ 2015 – ਨਾਨਕਸ਼ਾਹੀ ਕਤੱਕ-ਮੱਘਰ ੫੪੭

## ਇਤਿਹਾਸਿਕ ਦਿਹਾੜੇ

### ਨਵੰਬਰ ਅਤੇ ਦਸੰਬਰ 2015

| | |
|---|---|
| ਜੋਤੀ ਜੋਤ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ | 4 ਨਵੰਬਰ |
| ਗੁਰਗੱਦੀ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ | 4 ਨਵੰਬਰ |
| ਬੰਦੀ ਛੋਡ ਦਿਵਸ (ਦੀਵਾਲੀ) | 11 ਨਵੰਬਰ |
| ਗੁਰਗੱਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | 13 ਨਵੰਬਰ |
| ਸ਼ਹੀਦੀ ਦਿਹਾੜਾ ਬਾਬਾ ਦੀਪ ਸਿੰਘ ਜੀ | 13 ਨਵੰਬਰ |
| ਜੋਤੀ ਜੋਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ | 16 ਨਵੰਬਰ |
| ਜਨਮ ਦਿਹਾੜਾ ਭਗਤ ਨਾਮਦੇਵ ਜੀ | 22 ਨਵੰਬਰ |
| ਪ੍ਰਕਾਸ਼ ਪੁਰਬ ਸ੍ਰੀ ਗੁਰੂ ਨਾਨਕ ਦੇਵ ਜੀ | 25 ਨਵੰਬਰ |
| ਗੁਰਗੱਦੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ | 14 ਦਸੰਬਰ |
| ਸ਼ਹੀਦੀ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ | 16 ਦਸੰਬਰ |
| ਸ਼ਹੀਦੀ ਭਾਈ ਮਤੀ ਦਾਸ ਜੀ ,ਭਾਈ ਸਤੀ ਦਾਸ ਜੀ ,ਭਾਈ ਦਿਆਲਾ ਜੀ | 16 ਦਸੰਬਰ |
| ਸ਼ਹੀਦੀ ਵੱਡੇ ਸਾਹਿਬਜ਼ਾਦੇ ਅਤੇ ਚਮਕੌਰ ਦੇ ਹੋਰ ਸ਼ਹੀਦ | 23 ਦਸੰਬਰ |
| ਸ਼ਹੀਦੀ ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰ ਕੌਰ ਜੀ | 28 ਦਸੰਬਰ |

**ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.)**

ਰਜਿਸਟਰਡ ਆਫਿਸ : #1444, ਸੈਕਟਰ 34-ਸੀ, ਚੰਡੀਗੜ੍ਹ ਫੋਨ: 98761-77803
ਕਾਰਜਕਾਰੀ ਦਫਤਰ : ਗੁਰਮਤਿ ਪ੍ਰਸਾਰ ਭਵਨ, ਛੱਜੂਮਾਜਰਾ ਰੋਡ,
ਸੰਨੀ ਇਨਕਲੇਵ ਦੇ ਸਾਹਮਣੇ, ਮੁੰਡੀ ਖਰੜ, ਫੋਨ: 0160-5009844, 94171-90438
Join us at Facebook or mail at : gurmatparsar7@gmail.com

# ਮੰਘਿਰਿ ਮਾਹਿ ਸੋਹੰਦੀਆ (ਜੀਵਨ ਜੁਗਤਿ)

ਮੰਘਿਰਿ ਮਾਹਿ ਸੋਹੰਦੀਆ ਹਰਿ ਪਿਰ ਸੰਗਿ ਬੈਠੜੀਆਹ ॥
ਤਿਨ ਕੀ ਸੋਭਾ ਕਿਆ ਗਣੀ ਜਿ ਸਾਹਿਬਿ ਮੇਲੜੀਆਹ ॥
ਤਨੁ ਮਨੁ ਮਉਲਿਆ ਰਾਮ ਸਿਉ ਸੰਗਿ ਸਾਧ ਸਹੇਲੜੀਆਹ ॥
ਸਾਧ ਜਨਾ ਤੇ ਬਾਹਰੀ ਸੇ ਰਹਨਿ ਇਕੇਲੜੀਆਹ ॥
ਤਿਨ ਦੁਖੁ ਨ ਕਬਹੂ ਉਤਰੈ ਸੇ ਜਮ ਕੈ ਵਸਿ ਪੜੀਆਹ ॥
ਜਿਨੀ ਰਾਵਿਆ ਪ੍ਰਭੁ ਆਪਣਾ ਸੇ ਦਿਸਨਿ ਨਿਤ ਖੜੀਆਹ ॥
ਰਤਨ ਜਵੇਹਰ ਲਾਲ ਹਰਿ ਕੰਠਿ ਤਿਨਾ ਜੜੀਆਹ ॥
ਨਾਨਕ ਬਾਂਛੈ ਧੂੜਿ ਤਿਨ ਪ੍ਰਭ ਸਰਣੀ ਦਰਿ ਪੜੀਆਹ ॥
ਮੰਘਿਰਿ ਪ੍ਰਭੁ ਆਰਾਧਣਾ ਬਹੁੜਿ ਨ ਜਨਮੜੀਆਹ ॥੧੦॥ ਮਾਝ ਬਾਰਹਮਾਹਾ (ਮਃ ੫)

**ਪਦ ਅਰਥ:- ਮੰਘਿਰਿ - ਮੰਘਰ ਵਿਚ । ਮਾਹਿ-ਮਹੀਨੇ ਵਿਚ । ਪਿਰ ਸੰਗਿ-ਪਤੀ ਦੇ ਨਾਲ । ਕਿਆ ਗਣੀ-ਮੈਂ ਕੀਹ ਦੱਸਾਂ ? ਬਿਆਨ ਨਹੀਂ ਹੋ ਸਕਦੀ । ਜਿ-ਜਿਨ੍ਹਾਂ ਨੂੰ । ਸਾਹਿਬਿ-ਸਾਹਿਬ ਨੇ । ਰਾਮ ਸਿਉ-ਪਰਮਾਤਮਾ ਨਾਲ । ਸਾਧ ਸਹੇਲੜੀਆਹ ਸੰਗਿ-ਸਤ ਸੰਗੀਆਂ ਨਾਲ । ਬਾਹਰੀ-ਬਿਨਾ । ਤੇ-ਤੋਂ । ਦਿਸਹਿ-ਦਿੱਸਦੀਆਂ ਹਨ । ਖੜੀਆਹ-ਸਾਵਧਾਨ, ਸੁਚੇਤ । ਕੰਠਿ-ਗਲ ਵਿਚ (ਭਾਵ,ਹਿਰਦੇ ਵਿਚ) । ਬਾਂਛੈ-ਮੰਗਦਾ ਹੈ । ਦਰਿ-ਦਰ ਉਤੇ । ਬਹੁੜਿ-ਮੁੜ, ਫਿਰ ।**

ਅਰਥ:- ਮੱਘਰ (ਦੇ ਠੰਢੇ-ਮਿੱਠੇ) ਮਹੀਨੇ ਵਿਚ ਉਹ ਜੀਵ-ਇਸਤ੍ਰੀਆਂ ਸੋਹਣੀਆਂ ਲੱਗਦੀਆਂ ਹਨ ਜੋ ਹਰੀ-ਪਤੀ ਦੇ ਨਾਲ ਬੈਠੀਆਂ ਹੁੰਦੀਆਂ ਹਨ । ਜਿਨ੍ਹਾਂ ਨੂੰ ਮਾਲਕ-ਪ੍ਰਭੂ ਨੇ ਆਪਣੇ ਨਾਲ ਮਿਲਾ ਲਿਆ, ਉਹਨਾਂ ਦੀ ਸੋਭਾ ਬਿਆਨ ਨਹੀਂ ਹੋ ਸਕਦੀ । ਸਤ-ਸੰਗੀ ਸਹੇਲੀਆਂ ਦੀ ਸੰਗਤਿ ਵਿਚ ਪ੍ਰਭੂ ਦੇ ਨਾਲ (ਚਿੱਤ ਜੋੜ ਕੇ) ਉਹਨਾਂ ਦਾ ਸਰੀਰ ਉਹਨਾਂ ਦਾ ਮਨ ਸਦਾ ਖਿੜਿਆ ਰਹਿੰਦਾ ਹੈ ।

ਪਰ ਜੇਹੜੀਆਂ ਜੀਵ-ਇਸਤ੍ਰੀਆਂ ਸਤਸੰਗੀਆਂ (ਦੀ ਸੰਗਤਿ) ਤੋਂ ਵਾਂਜੀਆਂ ਰਹਿੰਦੀਆਂ ਹਨ, ਉਹ ਇਕੱਲੀਆਂ (ਛੁੱਟੜ) ਹੀ ਰਹਿੰਦੀਆਂ ਹਨ (ਜਿਵੇਂ ਸੜੇ ਹੋਏ ਤਿਲਾਂ ਦਾ ਬੂਟਾ ਪੈਲੀ ਵਿਚ ਨਿਖਸਮਾ ਰਹਿੰਦਾ ਹੈ । ਇਕੱਲੀ ਨਿਖਸਮੀ ਜਿੰਦ ਨੂੰ ਵੇਖ ਕੇ ਕਾਮਾਦਿਕ ਕਈ ਵੈਰੀ ਆ ਕੇ ਘੇਰ ਲੈਂਦੇ ਹਨ, ਤੇ) ਉਹਨਾਂ ਦਾ (ਵਿਕਾਰਾਂ ਤੋਂ ਉਪਜਿਆ) ਦੁੱਖ ਕਦੇ ਲਹਿੰਦਾ ਨਹੀਂ, ਉਹ ਜਮਾਂ ਦੇ ਵੱਸ ਪਈਆਂ ਰਹਿੰਦੀਆਂ ਹਨ ।

ਜਿਨ੍ਹਾਂ ਜੀਵ-ਇਸਤ੍ਰੀਆਂ ਨੇ ਪਤੀ-ਪ੍ਰਭੂ ਦਾ ਸਾਥ ਮਾਣਿਆ ਹੈ, ਉਹ (ਵਿਕਾਰਾਂ ਦੇ ਹੱਲੇ ਵਲੋਂ) ਸਦਾ ਸੁਚੇਤ ਦਿੱਸਦੀਆਂ ਹਨ (ਵਿਕਾਰ ਉਹਨਾਂ ਉਤੇ ਚੋਟ ਨਹੀਂ ਕਰ ਸਕਦੇ, (ਕਿਉਂਕਿ) ਪਰਮਾਤਮਾ ਦੇ ਗੁਣਾਨੁਵਾਦ ਉਹਨਾਂ ਦੇ ਹਿਰਦੇ ਵਿਚ ਪ੍ਰੋਤੇ ਰਹਿੰਦੇ ਹਨ, ਜਿਵੇਂ ਹੀਰੇ ਜਵਾਹਰ ਤੇ ਲਾਲਾਂ ਦਾ ਗਲ ਵਿਚ ਪਾਇਆ ਹੁੰਦਾ ਹੈ ।

ਨਾਨਕ ਉਹਨਾਂ ਸਤਸੰਗੀਆਂ ਦੇ ਚਰਨਾਂ ਦੀ ਧੂੜ ਮੰਗਦਾ ਹੈ ਜੋ ਪ੍ਰਭੂ ਦੇ ਦਰ ਤੇ ਪਏ ਰਹਿੰਦੇ ਹਨ ਜੋ ਪ੍ਰਭੂ ਦੀ ਸਰਨ ਵਿਚ ਰਹਿੰਦੇ ਹਨ । ਮੱਘਰ ਵਿਚ ਪਰਮਾਤਮਾ ਦਾ ਸਿਮਰਨ ਕੀਤਿਆਂ ਮੁੜ ਜਨਮ ਮਰਨ ਦਾ ਗੇੜ ਨਹੀਂ ਵਾਪਰਦਾ ।੧੦।

# ਸੁਵੈਦ ਗੁਰੂ ਬਾਬਾ

ਪ੍ਰਿੰਸੀਪਲ ਹਰਿਭਜਨ ਸਿੰਘ

ਮਾਇਆ ਦੇ ਭੁਚਲਾਏ ਤੇ ਭਟਕਾਏ ਮਨੁੱਖ ਨੂੰ ਇਹ ਨਿਸਚਾ ਕਰਾਉਣ ਲਈ ਕਿ ਉਹ ਕੇਵਲ ਸਰੀਰ ਨਹੀਂ, ਆਤਮਾ ਹੈ; ਫਰਸ਼ੀ ਨਹੀਂ, ਅਰਸੀ ਹੈ; ਨਾਰੀ ਨਹੀਂ, ਨੂਰੀ ਹੈ; ਚਾਕਰ ਨਹੀਂ, ਸਾਹਿਬ ਹੈ; ਉਸ ਦਾ ਮੂਲ ਮਾਇਆ ਨਹੀਂ; ਪਰਮਾਤਮਾ ਹੈ ਸਮੇਂ ਸਮੇਂ ਧੁਰੋਂ ਪਠਾਏ ਤੇ ਵਰੋਸਾਏ ਗੁਰੂ ਅਵਤਾਰ ਤੇ ਪੈਗੰਬਰ ਸੰਸਾਰ ਵਿੱਚ ਆਉਂਦੇ ਰਹੇ ਹਨ।

ਜੁਗੋ ਜੁਗ ਪ੍ਰਗਟੇ ਅਜੇਹੇ ਸਮੂਹ ਮਹਾਂਪੁਰਸ਼ਾਂ ਨੇ ਹੀ ਮਨੁੱਖ ਨੂੰ ਗਫਲਤ ਤੇ ਅਗਿਆਨਤਾ ਦੀ ਨਿੰਦਰਾ ਤੋਂ ਜਗਾਉਣ, ਆਪੇ ਦੀ ਸੋਝੀ ਕਰਾਉਣ ਅਤੇ ਇਸ ਦੇ ਦਿਲ ਦਿਮਾਗ ਅੰਦਰ, ਵਿੱਤ ਅਨੁਸਾਰ, ਪ੍ਰਭੂ-ਪ੍ਰੇਮ ਦੀ ਚੰਗਿਆੜੀ ਪ੍ਰਜਵੱਲਤ ਕਰਨ ਦਾ ਉਪਰਾਲਾ ਕੀਤਾ ਹੈ। ਸਭ ਦੇ ਜਤਨ ਦੇਸ਼, ਕਾਲ ਅਤੇ ਲੋਕਾਂ ਦੀ ਅਵਸਥਾ-ਵਸ, ਪਰਸੰਸਾ ਯੋਗ ਹਨ; ਪ੍ਰੰਤੂ ਆਤਮਕ, ਮਾਨਸਕ, ਆਰਥਕ, ਤੇ ਰਾਜਨੀਤਕ ਪੀੜਾ ਵਿਚ ਗ੍ਰਸੀ, ਪੀੜੀਂਦੀ ਤੇ ਹਾਹਾਕਾਰ ਕਰਦੀ ਲੋਕਾਈ ਨੂੰ ਅੱਜ ਤੋਂ ਪੰਜ ਸਦੀਆਂ ਪਹਿਲਾਂ ਜੋ ਪ੍ਰੇਮ-ਭਿੰਨਾ ਤੇ ਸਰਬ-ਸੁਖਦਾਤਾ, ਭਰਪੂਰ-ਦਿਲਾਸਾ ਤੇ ਬਿਬੇਕ-ਬੁੱਧ-ਗੁੱਧਾ-ਪ੍ਰਚੰਡ-ਗਿਆਨ, ਧੁਰੋਂ ਪਠਾਏ ਗੁਰੂ ਨਾਨਕ ਨਿਰੰਕਾਰੀ ਨੇ ਬਖਸ਼ਿਆ, ਉਹ ਮਹਾਨ ਹੈ ਉੱਚਤਮ ਹੈ, ਅਦੁੱਤੀ ਹੈ। ਬਾਬੇ ਦੇ ਨਗਮਾਇ ਤੌਹੀਦ ਤੇ ਹੱਕ ਦੇ ਪੈਗਾਮ ਦੀ ਮਹਿਮਾ ਅਗਾਧਿ ਬੋਧ ਤੇ ਅਕਥਨੀਯ ਹੈ। ਮਾਨਵਤਾ ਐਸੇ ਸਾਂਝੇ, ਸੁਵੈਦ ਤੇ ਸਦੀਵੀ ਰਹਬਰ ਉਤੇ ਜਿੰਨਾ ਵੀ ਮਾਨ ਕਰੇ ਥੋੜ੍ਹਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਪਹਿਲਾਂ ਭਾਰਤ ਵਿੱਚ ਬਹੁਤ ਕੁਝ ਸੀ : ਵੇਦ ਸਨ, ਸ਼ਾਸਤਰ ਸਨ, ਸਿਮਰਿਤੀਆਂ ਤੇ ਪੁਰਾਣ ਸਨ, ਰਿਸ਼ੀਆਂ ਤੇ ਮੁਨੀਆਂ ਦਾ ਜੁਗਾਂ ਦਾ ਗਿਆਨ ਪ੍ਰਾਪਤ ਸੀ। ਜੋਗੀਆਂ, ਜੰਗਮਾਂ, ਸੰਨਿਆਸੀਆਂ, ਸਿੱਧਾਂ, ਮੰਦਰਾਂ ਤੇ ਮੱਠਾਂ ਦੀ ਵੀ ਘਾਟ ਨਹੀਂ ਸੀ। ਈਸ਼ਵਰੀ ਗਿਆਨ ਦੇ ਇਸ ਭੰਡਾਰੇ ਨਾਲ, ਮੋਮਨਾ ਦੇ ਕਥਨ ਅਨੁਸਾਰ, ਕੁਰਾਨ ਦੀ ਪਾਕ ਤਾਲੀਮ ਵੀ ਆ ਸ਼ਾਮਿਲ ਹੋਈ। ਚਾਹੀਦਾ ਤਾਂ ਇਹ ਸੀ ਕਿ ਪੂਰਬ ਤੇ ਪੱਛਮ ਦੇ ਗਿਆਨ ਦੇ ਇਸ ਮੇਲ ਨਾਲ ਭਾਰਤੀਆਂ ਦੀ ਕਿਸਮਤ ਜਾਗ ਉੱਠਦੀ; ਉਹਨਾਂ ਦੇ ਦਿਲ ਦਿਮਾਗ ਦੋਹਾਂ ਤਾਲੀਮਾਂ ਦੇ ਸੁਗਿਆਨ ਨਾਲ ਰੌਸ਼ਨ ਹੋ ਜਾਂਦੇ, ਅੰਧਕਾਰ ਦੂਰ ਹੁੰਦਾ ਤੇ ਇਸ ਦੇ ਫਲ ਸਰੂਪ ਚੌਹੀਂ ਪਾਸੀਂ ਸੁੱਖ ਤੇ ਸ਼ਾਂਤੀ ਵਰਤਦੀ; ਪ੍ਰੰਤੂ, ਇਨਸਾਨੀਅਤ ਦੇ ਮੰਦੇ ਭਾਗਾਂ ਨੂੰ ਇਹਨਾਂ, ਦੋਹਾਂ ਸਭਿਆਤਾਵਾਂ ਦੇ ਮੁਦੱਈਆਂ ਨੇ ਆਪਣੀ ਤਹਿਜ਼ੀਬ ਦੇ ਚਰਾਗ ਗੁਲ ਕਰਕੇ ਇਸ ਗੱਲ ਉਤੇ ਗੁੱਥਮ ਗੁੱਥਾ ਹੋਣਾ ਆਰੰਭ ਦਿੱਤਾ ਕਿ ਉਸ ਦੇ ਮਜ਼ਹਬੀ-ਦੀਪ ਦੀ ਰੌਸ਼ਨੀ, ਦੂਜੇ ਨਾਲੋਂ ਵੱਧ ਤੇ ਸਰੇਸ਼ਟ ਹੈ।

ਇਸ ਦੇ ਫਲ ਸਰੂਪ ਏਥੇ ਕਰਮ ਕਾਂਡ, ਪਾਖੰਡ, ਤੁਅੱਸਬ, ਤੁਅੱਦੀ, ਜਬਰ, ਈਰਖਾ, ਦਵੈਖ ਤੇ ਘਿਰਣਾ ਦੇ ਅੰਧੇਰੇ ਦੀ ਬੀਮਾਰੀ ਹੋਰ ਵੀ ਮਾਰੂ ਤੇ ਡੂੰਘੀ ਹੁੰਦੀ ਗਈ।

ਭਾਈ ਗੁਰਦਾਸ ਜੀ ਨੇ ਸਮਾਜ ਦੀ ਇਸ ਦੁੱਖ-ਭਰੀ ਤੇ ਬਿਹਬਲ ਅਵੱਸਥਾ ਨੂੰ ਇਉਂ ਨਿਰਪੂਨ ਕਰਕੇ, ਮਾਨੋ, ਬਿਆਨ ਦੇ ਸਾਗਰ ਨੂੰ ਸੰਖੇਪਤਾ ਦੇ ਕੁੱਜੇ ਵਿੱਚ ਬੰਦ ਕਰਨ ਦਾ ਸਫਲ ਜਤਨ ਕੀਤਾ ਹੈ :

ਚਾਰਿ ਵਰਨ ਚਾਰਿ ਮਜਹਬਾ ਜੱਗ ਵਿੱਚ ਹਿੰਦੂ ਮੁਸਲਮਾਣੇ।
ਖੁਦੀ ਬਖੀਲੀ ਤਕੱਬਰੀ ਖਿੱਚੋਤਾਣ ਕਰੇਨਿ ਧਿਙਾਣੇ।
ਗੰਗ ਬਨਾਰਸਿ ਹਿੰਦੂਆਂ, ਮੱਕਾ ਕਾਬਾ ਮੁਸਲਮਾਣੇ।
ਸੁੰਨਤਿ ਮੁਸਲਮਾਣ ਦੀ, ਤਿਲਕ ਜੰਞੂ ਹਿੰਦੂ ਲੁਭਾਣੇ।

ਰਾਮ ਰਹੀਮ ਕਹਾਇਦੇ, ਇੱਕ ਨਾਮ ਦੁਇ ਰਾਹ ਭੁਲਾਣੇ ।
ਸਚੁ ਕਿਨਾਰੇ ਰਹਿ ਗਿਆ, ਖਹਿ ਮਰਦੇ ਬਾਹਮਣ ਮਉਲਾਣੇ ।
ਸਿਰੋਂ ਨ ਮਿਟੇ ਆਵਣ ਜਾਣੇ ।          (ਵਾਰ ੧, ਪਉੜੀ ੨੧)

ਅੱਗੇ ਚੱਲ ਕੇ ਫੇਰ ਪ੍ਰਬੀਨ ਭਾਈ ਸਾਹਿਬ ਜੀ ਵਾਪਰੇ ਇਸ ਕਲਜੁਗ ਨੂੰ ਕੁੱਤੇ ਦੇ ਮੂੰਹ ਨਾਲ ਉਪਮਾ ਦੇ ਕੇ ਤੇ ਉਸ ਦਾ ਖਾਣਾ ਮੁਰਦਾਰ ਦੱਸ ਕੇ, ਵਧੇ ਲੋਭ, ਲਾਲਚ ਤੇ ਦੂਜੇ ਦਾ ਹੱਕ ਮਾਰਨ ਦੀ ਰੁਚੀ ਦਾ ਜਿਕਰ ਕਰਦੇ ਹੋਏ ਲਿਖਦੇ ਹਨ:

ਕਲ ਆਈ, ਕੁਤੇ ਮੁਹੀ, ਖਾਜੁ ਹੋਇਆ ਮੁਰਦਾਰ ਗੁਸਾਈ ॥
ਰਾਜੇ ਪਾਪ ਕਮਾਂਵਦੇ, ਉਲਟੀ ਵਾੜ ਖੇਤ ਕਉ ਖਾਈ ॥
ਪਰਜਾ ਅੰਧੀ ਗਿਆਨ ਬਿਨੁ, ਕੂੜੁ ਕੁਸਤਿ ਮੁਖਹੁ ਆਲਾਈ ॥
ਚੇਲੇ ਸਾਜ ਵਜਾਇੰਦੇ, ਨਚਨਿ ਗੁਰੂ ਬਹੁਤ ਬਿਧਿ ਭਾਈ ॥
ਸੇਵਕ ਬੈਠਨਿ ਘਰਾ ਵਿਚਿ, ਗੁਰ ਉਠਿ ਘਰੀਂ ਤਿਨਾੜੇ ਜਾਈ ॥
ਕਾਜੀ ਹੋਏ ਰਿਸ਼ਵਤੀ, ਵੱਢੀ ਲੈ ਕੇ ਹੱਕ ਗਵਾਈ ॥
ਇਸਤ੍ਰੀ ਪੁਰਖੈ ਦਾਮ ਹਿਤੁ, ਭਾਵੇ ਆਇ ਕਿਥਾਉਂ ਜਾਈ ॥
ਵਰਤਿਆ ਪਾਪ ਸਭਸ ਜਗ ਮਾਹੀਂ ॥          (ਵਾਰ ੧, ਪਉੜੀ ੩੦)

ਜ਼ਾਹਰ ਪੀਰ ਤੇ ਜਗਤ-ਗੁਰ-ਬਾਬੇ ਨੇ ਇੱਕ ਸੁਜਾਨ ਵੈਦ ਸਮਾਨ ਮਨੁੱਖ ਦੇ ਮਰਜ਼ ਦੀ ਤਸ਼ਖੀਸ਼ ਕੀਤੀ ਤੇ ਬੀਮਾਰੀ ਲੱਭੀ । ਬੀਮਾਰੀ ਸੀ, ਜੀਵਨ ਵਿਚੋਂ ਸੱਚ ਤੇ ਸੱਚੇ ਆਚਾਰ ਦੇ ਦੀਪ ਦਾ ਅਭਾਵ, ਜਿਸ ਦਾ ਜ਼ਿਕਰ ਭਾਈ ਗੁਰਦਾਸ ਜੀ ਨੇ ਉਪਰੋਕਤ ਪਹਿਲੀ ਪਉੜੀ ਦੀ ਛੇਵੀਂ ਤੁੱਕ ਵਿੱਚ 'ਸਚੁ ਕਿਨਾਰੇ ਰਹਿ ਗਿਆ---।' ਆਖ ਕੇ ਕੀਤਾ ਹੈ । ਦੂਜੇ ਸ਼ਬਦਾਂ ਵਿੱਚ ਸੱਚ ਦੇ ਅਲੋਪ ਹੋ ਜਾਣ ਨਾਲ ਕੂੜ ਦੀ ਪ੍ਰਧਾਨਤਾ ਸੀ ____ਜਿਵੇਂ ਪ੍ਰਕਾਸ਼ ਦੀ ਅਣਹੋਂਦ ਕਾਰਨ ਡੂੰਘੇ ਅਨ੍ਹੇਰੇ ਦਾ ਪਸਰ ਜਾਣਾ ਕੁਦਰਤੀ ਹੈ । ਕੂੜ ਦੇ ਇਸ ਪਹਿਰੇ ਵਿੱਚ ਜੇ ਰਾਜੇ ਪਾਪੀ ਸਨ, ਤਾਂ ਪਰਜਾ ਅਗਿਆਨੀ ਤੇ ਕੂੜ ਕੁਸੱਤ ਗ੍ਰਸਤ ਸੀ, ਹੱਕੀ ਨਿਆਂ ਦੇਣ ਵਾਲੇ ਕਾਜ਼ੀ ਵੱਡੀ-ਖੋਰ ਸਨ । ਉਹ ਰਿਸ਼ਵਤ ਲੈ ਕੇ ਇਨਸਾਫ ਵੇਚਦੇ ਤੇ ਹੱਕ ਮਾਰਦੇ ਸਨ । ਇਸਤ੍ਰੀ ਤੇ ਪੁਰਖ ਦਾ ਹਿਤ ਕੇਵਲ ਪੈਸੇ ਉੱਤੇ ਆਧਾਰਤ ਸੀ । ਸਹਿਨਸ਼ੀਲਤਾ ਤੇ ਸਹ-ਵਾਸ (co-existence) ਦੇ ਅਭਾਵ ਦਾ ਇਹ ਆਲਮ ਸੀ ਕਿ ਦੂਜੇ ਧਰਮ ਦੇ ਨਿਤਾਣੇ, ਮਹਕੂਮ ਤੇ ਬੇ-ਬਸ ਲੋਕਾਂ ਦੇ ਧਰਮ ਮੰਦਰਾਂ ਨੂੰ ਢਾਹ ਕੇ ਉਹਨਾਂ ਦੀ ਥਾਂ ਮਸੀਤਾਂ ਉਸਾਰੀਆਂ ਜਾਂਦੀਆਂ ਸਨ, ਠਾਕੁਰ ਦੁਆਰੇ ਢਾਹਿ ਕੇ ਤਿਹ ਠਉੜੀਂ ਮਸੀਤ ਉਸਾਰਾ ॥ ਅਤੇ ਅਜੇਹਾ ਕਰਕੇ ਉਹਨਾਂ ਦੇ ਪੀੜਤ ਮਨ-ਮੰਦਰਾਂ ਅਤੇ ਢੱਠੇ ਦਿਲ-ਕਾਬਿਆਂ ਉਤੇ ਲੂਣ ਛਿੜਕਣ ਵਾਲੀ ਗੱਲ ਕੀਤੀ ਜਾਂਦੀ ਸੀ ॥

ਸ੍ਰੀ ਗੁਰੂ ਨਾਨਕ ਦੇਵ ਜੀ, ਉਸ ਸਮੇਂ ਦੇ ਧਾਰਮਕ ਆਗੂਆਂ ਦੀ ਕੂੜ-ਕੁਸੱਤ ਨਾਲ ਨਿਘਰੀ ਦੀਨ-ਦਸ਼ਾ ਦਾ ਨਕਸ਼ਾ ਇਉਂ ਖਿਚਦੇ ਹਨ:

ਮਾਣਸ ਖਾਣੇ, ਕਰਹਿ ਨਿਵਾਜ ॥ ਛੁਰੀ ਵਗਾਇਨਿ ਤਿਨ ਗਲਿ ਤਾਗ ॥
ਤਿਨਿ ਘਰਿ ਬ੍ਰਹਮਣ, ਪੂਰਹਿ ਨਾਦ ॥ ਉਨਾ ਭਿ ਆਵਹਿ ਓਈ ਸਾਦੁ ॥
ਕੂੜੀ ਰਾਸਿ, ਕੂੜਾ ਵਾਪਾਰੁ ॥ ਕੂੜੁ ਬੋਲਿ ਕਰਹਿ ਆਹਾਰ ॥
ਸਰਮ ਧਰਮ ਕਾ ਡੇਰਾ ਦੂਰਿ ॥ ਨਾਨਕ, ਕੂੜੁ ਰਹਿਆ ਭਰਪੂਰਿ ॥ (ਆਸਾ ਦੀ ਵਾਰ)

ਆਪ ਜੀ, ਰਾਜਿਆਂ ਦੇ ਕਸਾਈਪੁਣ, ਸੱਚ ਦੇ ਅਭਾਵ, ਕੂੜ ਦੀ ਵਰਤੀ ਮੱਸਿਆ ਦਾ ਕਥਨ ਅਤੇ ਇਸ ਅੰਧੇਰੇ ਵਿੱਚ ਸੱਚ ਦੀ ਭਾਲ ਵਿੱਚ ਕਮਲੇ ਹੋ ਜਾਣ ਦੀ ਗੱਲ ਇਉਂ ਕਰਦੇ ਹਨ:

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥
ਕੂੜੁ ਅਮਾਵਸ, ਸਚੁ ਚੰਦ੍ਰਮਾ, ਦੀਸੈ ਨਾਹੀ ਕਹਿ ਚੜਿਆ ॥
– ਹਉ ਭਾਲਿ ਵਿਕੁਨੀ ਹੋਈ ਆਧੇਰੈ ਰਾਹੁ ਨ ਕੋਈ ॥ਵਿਚਿ ਹਉਮੈ ਕਹਿ ਦੁਖੁ ਹੋਈ ॥
ਕਹੁ ਨਾਨਕ, ਕਿਨਿ ਬਿਧਿ ਗਤਿ ਹੋਈ ॥ (ਮਾਝ ਮ: ੧, ਪੰ: ੧੫)

ਸੁਵੈਦ ਬਾਬੇ ਨੇ ਸੰਸਾਰ ਨੂੰ ਕੂੜ ਦਾ ਰੋਗੀ ਤੇ ਮੈਲਾ ਦੱਸ ਕੇ ਇਹ ਰੋਗ ਦੂਰ ਕਰਨ ਤੇ ਮੈਲ-ਹਰਨ ਦਾ ਜੋ ਵਾਹਿਦ (ਇੱਕੋ ਇੱਕ) ਨੁਸਖਾ ਤਜਵੀਜ਼ ਕੀਤਾ, ਉਹ ਹੈ ਪ੍ਰਭੂ ਦੇ ਨਾਮ ਅਥਵਾ ਸੱਚ ਦਾ ਸਿਮਰਨ । 'ਨਾਮ ਅਤੇ ਸੱਚ' ਆਪਸ ਵਿੱਚ ਕਿਵੇਂ ਸਮਾਨ-ਅਰਥਕ, ਓਤ-ਪੋਤ ਤੇ ਅਭੇਦ ਹਨ, ਇਸ ਲਈ ਵਾਚੋ, ਹਜ਼ੂਰ ਦਾ ਇਹ ਫੁਰਮਾਨ:

ਸੰਸਾਰੁ ਰੋਗੀ, ਨਾਮੁ ਦਾਰੂ, ਮੈਲ ਲਾਗੈ, ਸਚੁ ਬਿਨਾ ॥ (ਪੰ: ੬੮੭)

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਾਰੀ ਫਿਲਾਸਫੀ '੧ਓ ਅੰਕਾਰ' ਵਾਹਿਗੁਰੂ ਤੇ 'ਸਚੁ' ਅਥਵਾ 'ਸੱਚੇ ਆਚਾਰ' ਦੀ ਔਖਧੀ ਦੇ ਧੁਰੇ ਗਿਰਦ ਘੁੰਮਦੀ ਹੈ । ਜਪੁਜੀ ਦੇ ਆਰੰਭ ਵਿੱਚ ਹੀ ਅੰਕਿਤ ਹੋਇ ਮੰਗਲ ਦਾ ਆਰੰਭ ਹੀ '੧ਓ ਸਤਿ ਨਾਮੁ' ਤੋਂ ਕੀਤਾ ਗਿਆ ਹੈ । ਵਿਦਵਾਨਾਂ ਦਾ ਵਿਚਾਰ ਹੈ ਕਿ ਇਹ ਚਾਰੇ ਪਦ ਏਥੇ ਸਮਾਨ-ਅਰਥਕ ਅਥਵਾ ਪਰਯਾਏ (ਵਾਹਿਗੁਰੂ) ਵਾਚਕ ਸ਼ਬਦ ਹਨ ।

ਫੇਰ ੧ਓ ਅੰਕਾਰ ਦੇ ਸੰਪੂਰਨ ਮੰਗਲ ਤੇ 'ਜਪੁ' ਬਾਣੀ ਤੋਂ ਬਾਅਦ ਜੋ ਸਲੋਕ ਅੰਕਿਤ ਹੋਇਆ, ਉਹ ਹੈ :

ਆਦਿ ਸਚੁ, ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ, ਹੋਸੀ ਭੀ ਸਚੁ ॥੧॥

ਸੱਚ ਤੇ ਸੱਚੇ ਆਚਾਰ ਬਾਰੇ ਹਜ਼ੂਰ ਵਲੋਂ ਫੇਰ ਫੁਰਮਾਨ ਹੋਇਆ :

ਮਨ ਹਠ ਬੁੱਧੀਂ ਕੇਤੀਆਂ, ਕੇਤੇ ਬੇਦ ਬੀਚਾਰ ॥
ਕੇਤੇ ਬੰਧਨ ਜੀਅ ਕੇ, ਗੁਰਮੁਖਿ ਮੋਖ ਦੁਆਰ ॥
ਸਚਹੁ ਓਰੈ ਸਭੁ ਕੋ, ਉਪਰਿ ਸਚੁ ਆਚਾਰੁ ॥ (ਪੰ: ੬੨)

ਤਥਾ___ ਹਿਰਦੈ ਸਚੁ, ਇਹ ਕਰਣੀ ਸਾਰੁ ॥
ਹੋਰੁ ਸਭੁ ਪਾਖੰਡ, ਪੂਜ ਖੁਆਰੁ ॥ (ਪ੍ਰਭਾਤੀ ਮ: ੧)

ਏਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਗੁਰਦੇਵ 'ਸੱਚ' ਨੂੰ ਕੇਵਲ ਦਿਮਾਗੀ ਮਨੌਤ ਹੀ ਨਹੀਂ, ਸਗੋਂ ਰਿਦਿਓਂ ਅਥਵਾ ਮਨ, ਬਚਨ, ਕਰਮ ਕਰਕੇ ਸਤਿਵਾਦੀ ਹੋਣ ਵਾਲੇ ਨੂੰ ਹੀ ਸੱਚਾ ਮੰਨਦੇ ਹਨ। ਇਸ ਦੀ ਹੋਰ ਸਪਸ਼ਟਤਾ ਲਈ ਵਾਚੋ, ਆਸਾ ਜੀ ਦੀ ਵਾਰ ਵਿੱਚ ਆਪ ਜੀ ਦਾ ਇਹ ਅਮੋਲਕ ਅਰਸ਼ਾਦ :

ਸਚੁ ਤਾ ਪਰੁ ਜਾਣੀਐ, ਜਾ ਰਿਦੈ ਸਚਾ ਹੋਇ ॥
ਕੂੜ ਕੀ ਮਲੁ ਉਤਰੈ, ਤਨੁ ਕਰੇ ਹਛਾ ਧੋਇ ॥
ਸਚੁ ਤਾ ਪਰੁ ਜਾਣੀਐ, ਜਾ ਸਚਿ ਧਰੇ ਪਿਆਰੁ ॥
ਨਾਉ ਸੁਣਿ ਮਨੁ ਰਹਸੀਐ , ਤਾ ਪਾਏ ਮੋਖ ਦੁਆਰ ॥
ਸਚੁ ਤਾ ਪਰੁ ਜਾਣੀਐ ਜਾ ਜੁਗਤਿ ਜਾਣੈ ਜੀਉ ॥
ਧਰਤਿ ਕਾਇਆ ਸਾਧਿਕੈ, ਵਿਚਿ ਦੇਇ ਕਰਤਾ ਬੀਉ ॥
ਸਚੁ ਤਾ ਪਰੁ ਜਾਣੀਐ, ਜਾ ਸਿਖ ਸਚੀ ਲੇਇ ॥
ਦਇਆ ਜਾਣੈ ਜੀਅ ਕੀ, ਕਿਛੁ ਪੁੰਨੁ ਦਾਨੁ ਕਰੇਇ ॥
ਸਚੁ ਤਾ ਪਰੁ ਜਾਣੀਐ, ਜਾ ਆਤਮ ਤੀਰਥਿ ਕਰੇ ਨਿਵਾਸੁ ॥

ਸਤਿਗੁਰੂ ਨੋ ਪੁਛਿਕੈ, ਬਹਿ ਰਹੈ ਕਰੇ ਨਿਵਾਸ ॥
ਸਚੁ ਸਭਨਾ ਹੋਇ ਦਾਰੂ, ਪਾਪ ਕਢੈ ਧੋਇ ॥
ਨਾਨਕੁ ਵਖਾਣੈ ਬੇਨਤੀ, ਜਿਨ ਸਚੁ ਪਲੈ ਹੋਇ ॥੨॥ (ਆਸਾ ਦੀ ਵਾਰ)

ਸੋ, ਇਸ ਸੰਖੇਪ ਜਿਹੀ ਵਿਚਾਰ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਗੁਰੂ ਨਾਨਕ ਦੇਵ ਜੀ ਉਸ 'ਸਚੁ' ਦੇ ਪੁਜਾਰੀ ਤੇ ਆਸ਼ਕ ਸਾਦਕ ਸਨ, ਜੋ ਵਾਹਿਗੁਰੂ ਅਕਾਲ ਪੁਰਖ ਦਾ ਹੀ ਦੂਜਾ ਨਾਮ ਹੈ। ਇਹੀ ਕਾਰਨ ਹੈ ਕਿ ਆਪ ਜੀ ਨੇ ਜਦ ਸਿਰੀ ਰਾਗ ਦੇ ਪਹਿਲੇ ਹੀ ਸ਼ਬਦ____ "ਮੋਤੀ ਤ ਮੰਦਰ ਊਸਰਹਿ.....॥" ਵਿੱਚ ਮਨੁੱਖ ਨੂੰ ਵਾਹਿਗੁਰੂ ਵਲੋਂ ਮੁਨਕਰ ਕਰਨ ਵਾਲੀਆਂ ਮਾਇਆ ਦੀਆਂ ਚੋਂਹ ਵੱਡੀਆਂ ਸ਼ਕਤੀਆਂ ਅਥਵਾ ਰੋਗਾਂ____ਧਨ, ਜੋਬਨ, ਸਿੱਧੀ ਤੇ ਪ੍ਰਭਤਾ ਦਾ ਜ਼ਿਕਰ ਕੀਤਾ ਤਾਂ ਰਹਾਉ ਦੀਆਂ ਤੁਕਾਂ ਅਥਵਾ ਅਸਥਾਈ, ਜੋ ਜੀਵਨ ਭਰ, ਦੇਸ਼ ਪ੍ਰਦੇਸ ਗਾਈ ਤੇ ਦੁਹਰਾਈ ਗਈ, ਦੀ ਧੁਨ ਨੂੰ ਇਉਂ ਬੁਲੰਦ ਕੀਤਾ :

ਹਰਿ ਬਿਨ ਜੀਉ ਜਲਿ ਬਲਿ ਜਾਉ ॥ ਮੈਂ ਆਪਣਾ ਗੁਰੂ ਪੂਛਿ ਦੇਖਿਆ ਅਵਰੁ ਨਾਹੀ ਥਾਉ ॥

(ਸਿਰੀ, ਮ: ੧, ਪੰਨਾ ੧੪)

ਆਓ, ਅੱਜ ਅਸੀਂ ਵੀ ਪਹਿਲਾਂ ਆਪ ਆਪਣੇ ਸਾਰਿਆਂ ਦੁਖ ਦਰਦਾਂ ਦਾ ਇਲਾਜ ਸਤਿਗੁਰਾਂ ਵਲੋਂ ਦੱਸੇ ਨੁਸਖੇ, 'ਨਾਮ, ਸੱਚ ਤੇ ਸੱਚੇ-ਆਚਾਰ', ਵਿਚੋਂ ਲੱਭੀਏ ਅਤੇ ਫੇਰ ਏਸ ਮਾਰਗ ਤੋਂ ਭਟਕੇ ਸਮਸਤ ਸੰਸਾਰ ਦੇ ਲੋਕਾਂ ਨੂੰ ਦਾਅਵਤ ਦੇਈਏ ਕਿ ਉਹ ਵੀ ਸੁਵੈਦ ਸਤਿਗੁਰੂ ਦੇ 'ਸੱਚ' ਦੇ ਅਜ਼ਮਾਏ ਹੋਏ ਨੁਸਖੇ ਨੂੰ ਵਰਤ ਕੇ ਲੋਕ ਸੁਖੀਏ ਤੇ ਪਰਲੋਕ ਸੁਹੇਲੇ ਥੀਵਣ। ਸੁਵੈਦ ਬਾਬੇ ਦੀ ਖੂਬੀ ਇਹ ਹੈ ਕਿ ਉਹ ਹਰ ਪ੍ਰਕਾਰ ਦੇ ਅਧਿਆਤਮਕ ਰੋਗ ਨੂੰ ਜਾਨਣ ਤੇ ਉਸ ਨੂੰ ਦੂਰ ਕਰਨ ਲਈ ਦਵਾਈ ਤਜਵੀਜ਼ ਕਰਨ ਦੀ ਮੁਹਾਰਤ ਆਪਣੇ ਤੱਕ ਹੀ ਸੀਮਤ ਨਹੀਂ ਰਖਦੇ, ਸਗੋਂ ਸੰਸਾਰ ਦੇ ਸਮੂਹ 'ਵੈਦਾਂ' ਨੂੰ ਨੀਮ-ਹਕੀਮੀ ਦੇ ਦੰਭ, ਪਾਖੰਡ ਤੋਂ ਮੁਕਤ ਹੋ ਕੇ ਪਹਿਲਾਂ ਮਨੁਖ ਦੇ ਰੋਗ ਦਾ ਕਾਰਨ ਲੱਭਣ ਤੇ ਫੇਰ ਅਜ਼ਮਾਏ ਨੁਖਸੇ ਤਜਵੀਜ਼ ਕਰਨ ਦਾ ਐਲਾਨੀਆਂ ਮਸ਼ਵਰਾ ਵੀ ਦੇਂਦੇ ਹਨ :

ਵੈਦਾ, ਵੈਦੁ ਸੁਵੈਦ ਤੂ, ਪਹਿਲਾਂ ਰੋਗੁ ਪਛਾਣੁ ॥
ਐਸਾ ਦਾਰੂ ਲੋੜ ਲਹੁ, ਜਿਤੁ ਵੰਞੈ ਰੋਗਾ ਘਾਣਿ ॥ (ਮ: ੧, ਪੰਨਾ ੧੨੭੯)

ਧੰਨਵਾਦਿ ਸਹਿਤ ਕਿਤਾਬ

-: ਅੰਮ੍ਰਿਤ ਤੇ ਆਤਮਾ ਵਿੱਚੋਂ

---

## ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ ਅਨੁਸਾਰ ਜੀਵਨ-ਜਾਚ

ਡਾ. ਪਰਮਜੀਤ ਕੌਰ, ਯਮਨਾਨਗਰ

ਨਿਮ੍ਰਤਾ ਦੇ ਪੁੰਜ, ਸੇਵਾ ਤੇ ਸਾਂਝੀਵਾਲਤਾ ਦੇ ਪ੍ਰੇਰਕ, 'ਜੋ ਹਰਿ ਕਾ ਪਿਆਰਾ ਸੋ ਸਭਨਾ ਕਾ ਪਿਆਰਾ' ਦੇ ਆਦਰਸ਼ ਨੂੰ ਦ੍ਰਿੜ ਕਰਵਾਉਣ ਵਾਲੇ ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ ਕੁਰਾਹੇ ਪਈ ਮਨੁੱਖਤਾ ਲਈ ਕਿਵੇਂ ਚਾਨਣ ਮੁਨਾਰਾ ਹੈ ? ਇਸ ਦੀ ਵਿਚਾਰ ਕੀਤੀ ਗਈ ਹੈ।

ਸ੍ਰੀ ਗੁਰੂ ਰਾਮਦਾਸ ਜੀ ਨੇ 30 ਰਾਗਾਂ ਵਿੱਚ ਬਾਣੀ ਰੱਚੀ ਹੈ। ਇਸ ਬਾਣੀ ਰਾਹੀਂ ਸਰਬ-ਮਨੁੱਖਤਾ ਨੂੰ ਜੀਵਨ ਜਾਚ ਸਿਖਾਈ ਹੈ। ਆਪ ਜੀ ਨੇ ਹਰੇਕ ਕੰਮ ਕਰਨ ਤੋਂ ਪਹਿਲਾਂ ਅਕਾਲ ਪੁਰਖ ਅੱਗੇ ਅਰਦਾਸ ਕਰਨੀ, ਹਰੇਕ ਗੁਰਸਿੱਖ ਦਾ ਫਰਜ਼ ਦਸਿਆ ਹੈ -

ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ ॥
ਕਾਰਜੁ ਦੇਇ ਸਵਾਰਿ ਸਤਿਗੁਰ ਸਚੁ ਸਾਖੀਐ ॥ ਅੰਗ - 91

ਇਸ ਕਲਿਜੁਗ ਵਿੱਚ ਵਿਕਾਰਾਂ ਦੇ ਜਾਲ ਵਿਚੋਂ ਕਿਵੇਂ ਨਿਕਲਿਆ ਜਾਵੇ ? ਦਿਨੋਂ ਦਿਨ ਵੱਧਦੀ ਮਾਨਸਿਕ ਅਸ਼ਾਂਤੀ ਨੂੰ ਕਿਵੇਂ ਦੂਰ ਕੀਤਾ ਜਾਵੇ ? ਇਨ੍ਹਾਂ ਸਮੂਹ ਸਮਸਿਆਵਾਂ ਦਾ ਹਲ ਦੱਸਦੇ ਹੋਏ ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਪਰਮਾਤਮਾ ਦੇ ਨਾਮ ਦਾ ਸਿਮਰਨ ਹੀ ਸੰਸਾਰ-ਸਮੁੰਦਰ ਤੋਂ ਪਾਰ ਲੰਘਾਉਣ ਵਾਲਾ ਅਤੇ ਦੁੱਖਾਂ ਨੂੰ ਨਸ਼ਟ ਕਰਨ ਵਾਲਾ ਸਾਧਨ ਹੈ -

ਕਲਿਜੁਗ ਕਾ ਧਰਮੁ ਕਹਹੁ ਤੁਮ ਭਾਈ, ਕਿਵ ਛੂਟਹ ਹਮ ਛੁਟਕਾਕੀ ॥

ਹਰਿ ਹਰਿ ਜਪੁ ਬੇੜੀ ਹਰਿ ਤੁਲਹਾ, ਹਰਿ ਜਪਿਓ ਤਰੈ ਤਰਾਕੀ ॥ ਅੰਗ 668

ਅੱਜ ਅਸੀਂ ਗਲਤ ਰਾਹ ਤੇ ਤੁਰੇ ਜਾ ਰਹੇ ਹਾਂ। ਪ੍ਰਭੂ ਦੇ ਨਾਮ ਸਿਮਰਨ ਤੋਂ ਵੱਧ ਤੀਰਥ ਯਾਤਰਾ ਆਦਿਕ ਫੋਕਟ ਕਰਮਾਂ ਨੂੰ ਮਹੱਤਤਾ ਦੇਣ ਲੱਗ ਪਏ ਹਾਂ । ਮੜੀ-ਮਸਾਣਿ ਆਦਿਕ ਤੇ ਜਾਣ ਵਿੱਚ ਵੀ ਸਾਨੂੰ ਗੁਰੇਜ ਨਹੀਂ ਰਹਿ ਗਿਆ । ਗੁਰੂ ਜੀ ਸਮਝਾ ਰਹੇ ਹਨ ਕਿ ਜੇਕਰ ਸਾਰੇ ਤੀਰਥ, ਵਰਤ, ਜੱਗ ਅਤੇ ਪੁੰਨ-ਦਾਨ ਆਦਿਕ ਕਰਮ- ਕਾਂਡ ਇਕੱਠੇ ਮਿਲਾਕੇ ਤੋਲੀਏ ਤਾਂ ਵੀ ਇਹ ਅਕਾਲ ਪੁਰਖ ਦੇ ਨਾਮ ਦੀ ਰੱਤਾ ਜਿੰਨੀ ਵੀ ਬਰਾਬਰੀ ਨਹੀਂ ਕਰ ਸਕਦੇ -

ਸਭਿ ਤੀਰਥ ਵਰਤ ਜਗ ਪੁੰਨ ਤੋਲਾਹਾ ॥ ਹਰਿ ਹਰਿ ਨਾਮ ਨ ਪੁਜਹਿ ਪੁਜਾਹਾ ॥(699)

ਜਿੰਨ੍ਹਾ ਦੇ ਹਿਰਦੇ ਵਿੱਚ ਨਾਮ ਵੱਸਦਾ ਹੈ ਉਹਨਾਂ ਨੂੰ ਲੋਕਾਂ ਦੀ ਮੁਥਾਜੀ ਦੀ ਲੋੜ ਨਹੀਂ ਰਹਿੰਦੀ। ਪਰਮਾਤਮਾ ਦੀ ਕਿਰਪਾ ਨਾਲ ਉਹਨਾਂ ਦੇ ਸਾਰੇ ਕੰਮ ਸਿਰੇ ਚੜ੍ਹ ਜਾਂਦੇ ਹਨ -

ਜਿੰਨ੍ਹਾਂ ਅੰਦਰਿ ਨਾਮੁ ਨਿਧਾਨੁ ਹਹਿ, ਤਿਨ ਕੇ ਕਾਜ ਦਯਿ ਆਦੇ ਰਾਸਿ ॥
ਤਿਨ ਚੂਕੀ ਮੁਹਤਾਜੀ ਲੋਕਨ ਕੀ, ਹਰਿ ਪ੍ਰਭੁ ਅੰਗ ਕਰਿ ਬੈਠਾ ਪਾਸਿ ॥ ਅੰਗ - 305

ਇਸ ਲਈ ਅਕਾਲਪੁਰਖ ਦਾ ਸਿਮਰਨ ਹੀ ਜਪ-ਤਪ, ਵਰਤ ਅਤੇ ਪੂਜਾ ਹੈ -

ਸੋ ਜਪੁ ਸੋ ਤਪੁ ਸਾ ਬ੍ਰਤ ਪੂਜਾ, ਜਿਤ ਹਰਿ ਸਿਉ ਪ੍ਰੀਤੀ ਲਗਾਇ ॥ ਅੰਗ 720

ਸੁਆਰਥਵਸ, ਝੂਠੀ ਮਾਣ ਪ੍ਰਤਿਸ਼ਟਾ ਆਦਿਕ ਦੀ ਪ੍ਰਾਪਤੀ ਲਈ ਦੁਨੀਆ ਦੀ ਵਡਿਆਈ-ਖੁਸ਼ਾਮਦ ਕਰਦੇ ਹੋਏ ਜੀਵਨ ਨੂੰ ਵਿਅਰਥ ਗਵਾ ਲੈਣ ਵਾਲੇ ਜੀਵਾਂ ਨੂੰ ਸੁਚੇਤ ਕਰਦੇ ਹੋਏ ਗੁਰੂ ਰਾਮਦਾਸ ਜੀ ਫੁਰਮਾਉਂਦੇ ਹਨ ਕਿ ਹਰਿ ਨਾਮ ਤੋਂ ਬਿਨਾਂ ਕਿਸੇ ਹੋਰ ਦੀ ਵਡਿਆਈ ਕਰਨੀ ਇਹ ਸਾਰਾ ਉੱਦਮ ਵਿਅਰਥ ਹੈ -

ਵਿਣੁ ਨਾਵੈ ਹੋਰੁ ਸਲਾਹਣਾ ਸਭੁ ਬੋਲਣੁ ਫਿਕਾ ਸਾਦੁ ॥ ਅੰਗ - 301

ਗੁਰਸਿੱਖ ਦੀ ਨਿਤਾਪ੍ਰਤੀ ਦੀ ਰਹਿਣੀ ਬਾਰੇ ਸਪਸ਼ਟ ਫੁਰਮਾਨ ਹੈ ਕਿ ਉਹ ਅੰਮ੍ਰਿਤ ਵੇਲੇ ਉਠਕੇ ਇਸਨਾਨ ਕਰਕੇ ਹਰਿ ਨਾਮ ਦਾ ਸਿਮਰਨ ਗੁਰਬਾਣੀ ਦਾ ਜਾਪ ਕਰੇ । ਫਿਰ ਦਿਨ ਚੜੇ ਸਤਿਗੁਰੂ ਦੀ ਬਾਣੀ ਦਾ ਕੀਰਤਨ ਕਰੇ ਅਤੇ ਸਾਰਾ ਦਿਨ ਕਿਰਤ -ਕਾਰ ਕਰਦੇ ਹੋਏ ਵੀ ਪ੍ਰਭੂ ਨੂੰ ਸਿਮਰਨ ਰਾਹੀਂ ਯਾਦ ਰਖੇ -

ਗੁਰੂ ਸਤਿਗੁਰ ਕਾ ਜੋ ਸਿਖੁ ਅਖਾਏ, ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥
ਉਦਮੁ ਕਰੇ ਭਲਕੇ ਪਰਭਾਤੀ, ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ, ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥(305)

ਗੁਰਬਾਣੀ ਨੂੰ ਗੁਰੂ ਮੰਨਣ ਦਾ ਭਾਵ ਸਿਰਫ ਗੁਰੂ ਗ੍ਰੰਥ ਸਾਹਿਬ ਅੱਗੇ ਮੱਥਾ ਟੇਕ ਲੈਣਾ ਜਾਂ ਗੁਰਬਾਣੀ ਦਾ ਪਾਠ ਕਰ ਲੈਣਾ, ਕਥਾ ਕੀਰਤਨ ਸੁਣਨਾ, ਅਖੰਡ ਪਾਠ ਕਰਵਾ ਲੈਣਾ ਹੀ ਨਹੀਂ ਹੈ । ਦੇਹਧਾਰੀ ਗੁਰੂਆਂ ਦੇ ਚੱਕਰ ਵਿੱਚ ਨਾ ਪੈਕੇ ਗੁਰ-ਸ਼ਬਦ ਦੀ ਵਿਚਾਰ ਕਰਨੀ ਅਤੇ ਗੁਰੂ ਸਾਹਿਬਾਨ ਦੁਆਰਾ ਦੱਸੇ ਗਏ ਸਿਧਾਂਤਾਂ ਨੂੰ ਉਪਦੇਸ਼ਾਂ ਨੂੰ ਜੀਵਨ ਵਿੱਚ ਲਾਗੂ ਕਰਨਾ ਹੀ ਗੁਰਬਾਣੀ ਨੂੰ ਗੁਰੂ ਮੰਨਣਾ ਅਤੇ ਗੁਰੂ ਦੇ ਦੱਸੇ ਰਸਤੇ ਤੇ ਤੁਰਨਾ ਹੈ । ਗੁਰੂ ਰਾਮਦਾਸ ਜੀ ਫੁਰਮਾਉਂਦੇ ਹਨ -

ਗੁਰਸਿਖ ਮੀਤ ਚਲਹੁ ਗੁਰਚਾਲੀ ॥
ਜੋ ਗੁਰੂ ਕਹੈ ਸੋਈ ਭਲ ਮਾਨਹੁ ਹਰਿ ਹਰਿ ਕਥਾ ਨਿਰਾਲੀ ॥ ਅੰਗ 667

ਅਕਾਲਪੁਰਖ, ਗੁਰੂ ਦੇ ਹੁਕਮ ਤੇ ਅਮਲ ਕਰਨ ਵਾਲਿਆਂ ਦਾ ਹੀ ਗੁਰਬਾਣੀ ਗਾਉਣਾ ਅਤੇ ਸੁਣਨਾ ਕਬੂਲ ਕਰਦਾ ਹੈ-

ਸੇਵਕ ਸਿੱਖ ਪੂਜਣ ਸਭਿ ਆਵਹਿ ਸਭਿ ਗਾਵਹਿ ਹਰਿ ਹਰਿ ਊਤਮ ਬਾਨੀ ॥
ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ
ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ ॥ ਅੰਗ669

ਅੱਜ ਗੁਰਮਤਿ ਤੋਂ ਦੂਰ ਦੁਰਮਤਿ ਵੱਲ ਜਾ ਰਿਹਾ ਗੁਰੂ ਦਾ ਸਿੱਖ 'ਬਿਪਰਨ ਕੀ ਰੀਤਿ' ਦੇ ਚਕ੍ਰਵਿਊ ਵਿੱਚ ਫਸ ਗਿਆ ਹੈ । ਧੜੇਬਾਜੀ ਦਾ ਸ਼ਿਕਾਰ ਹੋ ਗਿਆ ਹੈ । ਆਪਣੇ ਆਪ ਨੂੰ ਚੰਗਾ ਸਮਝਦਾ ਹੋਇਆ ਦੂਜਿਆਂ ਦੇ ਐਬ ਫਰੋਲਦਾ ਫਿਰਦਾ ਹੈ । ਗੁਰੂ ਰਾਮਦਾਸ ਜੀ ਸੰਕੇਤ ਕਰ ਰਹੇ ਹਨ –

ਮਿਥਿਆ ਦੂਜਾ ਭਾਓ ਧੜੇ ਬਹਿ ਪਾਵੈ ॥
ਪਰਾਇਆ ਛਿਦ੍ਰ ਅਟਕਲੈ, ਆਪਣਾ ਅਹੰਕਾਰੁ ਵਧਾਵੈ ॥ ਅੰਗ 366

ਦੂਜਿਆਂ ਦੀਆਂ ਵਡਿਆਈਆਂ ਜਾਂ ਸ਼ੋਭਾ ਸਹਾਰ ਨਹੀਂ ਸਕਦਾ । ਈਰਖਾ ਅਤੇ ਅਹੰਕਾਰ ਦੇ ਕਾਰਣ ਭ੍ਰਿਸ਼ਟਾਚਾਰ ਦੀ ਦਲਦਲ ਵਿੱਚ ਫਸਦਾ ਜਾ ਰਿਹਾ ਹੈ । ਗੁਰੂ ਸਾਹਿਬ ਸਮਝਾਉਂਦੇ ਹਨ ਕਿ ਜਿਸਦੇ ਅੰਦਰ ਈਰਖਾ ਹੈ ਉਸ ਦਾ ਕਲਿਆਣ ਨਹੀਂ ਹੋ ਸਕਦਾ –

ਜਿਸੁ ਅੰਦਰਿ ਤਾਤਿ ਪਰਾਈ ਹੋਵੈ ਤਿਸ ਦਾ ਕਦੇ ਨ ਹੋਵੀ ਭਲਾ ॥ ਅੰਗ – 308

ਗੁਰੂ ਰਾਮਦਾਸ ਜੀ ਨੇ ਗੁਰੂ ਅਮਰਦਾਸ ਜੀ ਦੇ ਹੁਕਮ ਅਨੁਸਾਰ ਬਿਨਾਂ ਕਿਸੇ ਸੁਆਲ ਜੁਆਬ ਦੇ ਬਾਰ ਬਾਰ ਥੜੇ ਨੂੰ ਢਾਹਕੇ ਅਤੇ ਮੁੜ ਬਣਾਕੇ ਗੁਰੂ ਪ੍ਰਤੀ ਸ਼ਰਧਾ-ਪਿਆਰ, ਆਪਾ-ਭਾਵ ਤਿਆਗਨ ਅਤੇ ਹੁਕਮ ਮੰਨਣ ਦੀ ਜਾਚ ਸਿਖਾਈ ਅਤੇ ਸਮਝਾਇਆ ਕਿ ਮਨੁੱਖ ਆਪਣੇ ਜੀਵਨ ਵਿੱਚ ਭਾਵੇਂ ਬਹੁਤ ਕੁੱਝ ਹਾਸਲ ਕਰਨ ਲਈ ਕਿਨੀਆਂ ਹੀ ਮੱਲਾਂ ਮਾਰ ਲਏ ਉਸਨੂੰ ਨਿੰਮ੍ਰਤਾ ਨਹੀਂ ਛੱਡਣੀ ਚਾਹੀਦੀ । ਗੁਰੂ ਪਾਤਸ਼ਾਹ ਜਦੋਂ ਗੁਰੂ ਥਾਪੇ ਗਏ ਤਾਂ ਵੈਰਾਗ ਵਿੱਚ ਆਕੇ ਨਿਮ੍ਰਤਾ ਨਾਲ ਕਹਿਣ ਲੱਗੇ ਕਿ ਮੈਂ ਤਾਂ ਇੱਕ ਕੀੜਾ ਸੀ ਆਪ ਜੀ ਨੇ ਮਿਹਰ ਅਤੇ ਪਿਆਰ ਨਾਲ ਮੈਨੂੰ ਯਤੀਮ ਨੂੰ ਅਰਸ਼ਾਂ ਤੇ ਪਹੁੰਚਾ ਦਿੱਤਾ ਹੈ –

ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾਂ, ਸਾ ਬਿਧਿ ਤੁਮ ਹਰਿ ਜਾਣਹੁ ਆਪੇ
ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ, ਗੁਰ ਸਤਿਗੁਰ ਸੰਗ ਕੀਰੇ ਹਮ ਥਾਪੇ ॥

ਅੱਜਕਲ ਵਿਆਹ-ਸ਼ਾਦੀਆਂ ਵਿੱਚ ਗੰਦੇ, ਲਚਰ ਗੀਤਾਂ ਦੇ ਗਾਯਨ-ਸੁਣਨ ਦਾ ਪ੍ਰਚਲਨ ਵੱਧ ਰਿਹਾ ਹੈ । ਜੋ ਮਨ ਦੀ ਚੰਚਲਤਾ ਅਤੇ ਵਿਕਾਰਾਂ ਨੂੰ ਵਧਾਂਦੇ ਹਨ । ਗੁਰੂ ਰਾਮਦਾਸ ਜੀ ਨੇ ਵਡਹੰਸ ਰਾਗ ਵਿੱਚ 'ਘੋੜੀ' ਦੇ ਅਲੰਕਾਰ ਨੂੰ ਲੈਕੇ ਦੋ ਸ਼ਬਦ ਰਚੇ, ਜਿੰਨ੍ਹਾਂ ਵਿੱਚ ਪ੍ਰਭੂ ਦੀ ਪ੍ਰਾਪਤੀ ਦਾ ਰਾਹ ਦੱਸਿਆ ਅਤੇ ਆਦੇਸ਼ ਦਿੱਤਾ ਕਿ ਵਿਆਹ ਵੇਲੇ ਪਰਮਾਰਥਿਕ ਉਪਦੇਸ਼ ਵਾਲੀਆਂ ਘੋੜੀਆਂ ਗਾਈਆਂ ਜਾਣ ਤਾਂ ਕਿ ਸ਼ੁਭ ਕੰਮ ਕਰਦੇ ਹੋਏ ਅਕਾਲਪੁਰਖ ਨਾਲ ਨੇੜਤਾ ਬਣੀ ਰਹੇ । ਕੁੜੀ ਦੇ ਵਿਆਹ ਸਮੇਂ ਇਸਤ੍ਰੀ ਦੇ ਤ੍ਰਿਸਕਾਰ ਅਤੇ ਨਿਰਾਦਰ ਦੀ ਜੜ 'ਦਾਜ' ਦੇ ਲੈਣ ਦੇਣ ਦਾ ਵਿਰੋਧ ਕਰਦੇ ਹੋਏ ਆਪ ਜੀ ਨੇ ਫੁਰਮਾਇਆ ਕਿ ਸੰਸਾਰਿਕ ਧਨ ਅਤੇ ਸਮਾਨ ਆਦਿਕ ਦਾ ਦਾਜ ਲੈਕੇ ਵਿਖਾਵਾ ਕਰਨ ਵਾਲੇ ਹੰਕਾਰੀ ਮਨੁੱਖ ਮਨਮੁਖ ਅਖਵਾਉਂਦੇ ਹਨ । ਅਕਾਲਪੁਰਖ ਦੇ ਨਾਮ ਨਾਲ ਸਿੰਗਾਰੀ ਹੋਈ ਇਸਤ੍ਰੀ ਗੁਰਮਤਿ ਵਿੱਚ ਪਰਵਾਨ ਹੈ । ਹਰਿ ਦੇ ਨਾਮ ਰੂਪ ਦਾਜ ਨਾਲ ਹੋਰ ਕੋਈ ਦਾਜ ਬਰਾਬਰੀ ਨਹੀਂ ਕਰ ਸਕਦਾ

ਹੋਰਿ ਮਨਮੁਖਿ ਦਾਜੁ ਜਿ ਰਖਿ ਦਿਖਾਲਹਿ, ਸੁ ਕੂੜੁ ਅਹੰਕਾਰੁ ਕਚੁ ਪਾਜੋ ॥

ਹਰਿ ਪ੍ਰਭ ਮੇਰੇ ਬਾਬੁਲਾ, ਹਰਿ ਦੇਵਹੁ ਦਾਨੁ ਮੈ ਦਾਜੋ ॥ ਅੰਗ 79

ਇਹੀ ਨਹੀਂ, ਜਾਤਿ ਪਾਤਿ ਦੇ ਭੇਦ-ਭਾਵ ਨੂੰ ਮਿਟਾਕੇ ਸਭ ਨੂੰ ਇੱਕ ਜਾਣਨ ਦਾ ਉਪਦੇਸ਼ ਦਿੱਤਾ ਅਤੇ ਫੁਰਮਾਇਆ ਕਿ ਗੁਰੂ ਹੀ ਗੁਰੂ ਦੇ ਸਿੱਖ ਦੀ ਜਾਤਿ ਹੈ । ਜਾਤਿ-ਪਾਤਿ ਦਾ ਵਿਤਕਰਾ ਮੇਰ-ਤੇਰ ਨਫਰਤ ਅਤੇ ਸੰਕੀਰਣਤਾ ਨੂੰ ਵਧਾਂਦਾ ਹੈ –

ਹਮਰੀ ਜਾਤਿ ਪਾਤਿ ਗੁਰੁ ਸਤਿਗੁਰੁ, ਹਮ ਵੇਚਿਓ ਸਿਰੁ ਗੁਰ ਕੇ ।
ਜਨ ਨਾਨਕ ਨਾਮੁ ਪਰਿਓ ਗੁਰ ਚੇਲਾ, ਗੁਰ ਰਾਖਹੁ ਲਾਜ ਜਨ ਕੇ । ਅੰਗ - 731

ਤਰ੍ਹਾਂ ਤਰ੍ਹਾਂ ਦੇ ਧਾਰਮਿਕ ਮੰਨੇ ਜਾਣ ਵਾਲੇ ਪਹਰਾਵਿਆਂ ਦਾ ਆਸਰਾ ਲੈਕੇ, ਕਈ ਤਰ੍ਹਾਂ ਦੇ ਭੇਖ ਧਾਰਣ ਕਰਕੇ ਪ੍ਰਭੂ ਦੀ ਪ੍ਰਾਪਤੀ ਦਾ ਜਤਨ ਕਰਨ ਵਾਲੇ ਅਨੇਕਾਂ ਲੋਕ ਅਗਿਆਨਤਾ ਦੇ ਕਾਰਣ ਪਾਣੀ ਨੂੰ ਰਿੜਕ ਕੇ ਮਖਣ ਕਢਣ ਦਾ ਜਤਨ ਕਰਦੇ ਹਨ । ਨਾਮ ਦਾ ਆਸਰਾ ਲੈਣ ਤੋਂ ਬਿਨਾਂ ਸਾਰੇ ਭੇਖ ਸਾਰੇ ਕਰਮਕਾਂਡ ਅਵਗੁਣਾਂ ਨੂੰ ਨਸ਼ਟ ਕਰਨ ਵਿੱਚ ਸਮਰੱਥ ਨਹੀਂ ਹੁੰਦੇ । ਜਿਸ ਦੇ ਅੰਦਰ ਲੋਭ ਦੀਆਂ ਲਹਰਾਂ ਉਠਦੀਆਂ ਹੋਣ, ਨਿੰਦਾ ਦੀ ਆਦਤ ਹੋਵੇ, ਖੁਸ਼ਾਮਦ ਕਰਨ ਵਿੱਚ ਮਾਣ ਸਮਝਦਾ ਹੋਵੇ, ਮਨ ਨੂੰ ਵੱਸ ਵਿੱਚ ਕਰਨ ਦੀ ਸਮਰੱਥਾ ਨ ਹੋਵੇ । ਮਾਇਆ ਦੀ ਭੁੱਖ, ਤ੍ਰਿਸ਼ਨਾ ਦਾ ਜ਼ੋਰ ਮਨ ਨੂੰ ਅਸ਼ਾਂਤ ਕਰਦਾ ਰਹੇ, ਉਹ ਮਨੁੱਖ ਭਾਵੇਂ ਜਿਤਨੇ ਕਰਮਕਾਂਡ ਕਰਦਾ ਰਹੇ, ਪ੍ਰਭੂ ਦੀ ਪ੍ਰਾਪਤੀ ਦੇ ਰਸਤੇ ਤੇ ਇੱਕ ਕਦਮ ਵੀ ਨਹੀਂ ਚਲ ਸਕਦਾ । ਗੁਰੂ ਰਾਮਦਾਸ ਜੀ ਫੁਰਮਾਉਂਦੇ ਹਨ –

ਬਾਹਰਿ ਭਸਮ ਲੇਪਨ ਕਰੇ ਅੰਤਰਿ ਗੁਬਾਰੀ॥ ਖਿੰਥਾ ਝੋਲੀ ਬਹੁ ਭੇਖ ਕਰੇ ਦੁਰਮਤਿ ਅਹੰਕਾਰੀ॥

ਨਾਨਕ ਨਾਮੁ ਨ ਚੇਤਈ ਜੂਐ ਬਾਜੀ ਹਾਰੀ ॥ ਅੰਗ – 1243

ਆਪਣੇ ਜਨਮ ਨੂੰ ਸਫਲ ਕਰਨ ਲਈ ਨਾਮ – ਸਿਮਰਨ ਦੇ ਖਨਿਓ ਤਿਖੇ ਵਾਲਹੁ ਨਿਕੇ ਮਾਰਗ ਤੇ ਤੁਰਨ ਲਈ ਸਭ ਤੋਂ ਪਹਿਲਾਂ ਮਨ ਨੂੰ ਸਮਝਾਉਣਾ ਜਰੂਰੀ ਹੈ । ਗੁਰੂ ਸਾਹਿਬ ਮਨ ਨੂੰ ਸਮਝਾਉਂਦੇ ਹਨ ਕਿ ਹੇ ਥਾਂ ਥਾਂ ਤੇ ਭਟਕਨ ਵਾਲੇ ਪਰਦੇਸੀ ਮਨ ! ਤੂੰ ਹਰ ਵੇਲੇ ਦੌੜਦਾ ਰਹਿੰਦਾ ਹੈ, ਵਿਸਰਾਮ ਨਹੀਂ ਕਰਦਾ । ਕਦੇ ਤਾਂ ਪ੍ਰਭੂ ਚਰਣਾਂ ਵਿੱਚ ਜੁੜਕੇ ਰਹੁ –

ਮੇਰੇ ਮਨ ਪਰਦੇਸੀ ਵੇ ਪਿਆਰੇ ਆਉ ਘਰੇ ॥
ਹਰਿ ਗੁਰੂ ਮਿਲਾਵਹੁ ਮੇਰੇ ਪਿਆਰੇ ਘਰਿ ਵਸੈ ਹਰੇ ॥ ਅੰਗ 451

ਇਸ ਲਈ ਗੁਰਸਿੱਖ ਨੂੰ ਮਨ ਨੂੰ ਵਸ ਵਿੱਚ ਕਰਕੇ ਸੇਵਾ – ਸਿਮਰਨ ਵਿੱਚ ਲਗਾਉਣਾ ਹੈ । ਗੁਰਮਤਿ ਵਿੱਚ ਸੇਵਾ ਦਾ ਬਹੁਤ ਮਹੱਤਵ ਹੈ । ਸੇਵਾ ਕਰਨ ਵੇਲੇ ਸਿਰਫ ਸੇਵਾ ਦੀ ਭਾਵਨਾ ਹੀ ਅੰਦਰ ਰਖਣੀ ਚਾਹੀਦੀ ਹੈ । ਪਵਿਤ੍ਰ ਹਿਰਦੇ ਨਾਲ ਕਪਟ ਤੋਂ ਰਹਿਤ ਹੋ ਕੇ ਕੀਤੀ ਸੇਵਾ ਹੀ ਕਬੂਲ ਹੁੰਦੀ ਹੈ । ਸੇਵਾ ਕਰਨ ਵਾਲੇ ਦੇ ਅੰਦਰ ਕੋਈ ਦਿਖਾਵਾ, ਮਾਣ ਅਤੇ ਹੰਕਾਰ ਦੀ ਭਾਵਨਾ ਨਹੀਂ ਹੋਣੀ ਚਾਹੀਦੀ –

ਵਿਚਿ ਹਉਮੈ ਸੇਵਾ ਥਾਇ ਨ ਪਾਏ ॥ ਅੰਗ – 1071

ਗੁਰੂ ਸਾਹਿਬ ਦੁਆਰਾ ਨਿਰਦਿਸ਼ਟ ਸਿਧਾਂਤਾਂ ਦਾ ਪਾਲਨ ਕਰਨ ਵਾਲਾ ਹੀ ਗੁਰਸਿੱਖ ਅਖਵਾਉਣ ਦਾ ਅਧਿਕਾਰੀ ਹੋ ਸਕਦਾ ਹੈ । ਸਮਾਜ ਵਿੱਚ ਰਹਿੰਦੇ ਹੋਏ ਸਮਾਜਿਕ ਨਿਯਮਾਂ ਦਾ ਪਾਲਨ ਵੀ ਕਰਨਾ ਹੈ ਅਤੇ ਗੁਰੂ ਸਾਹਿਬ ਦੁਆਰਾ ਨਿਰਦਿਸ਼ਟ ਮਾਰਗ ਵੀ ਨਹੀਂ ਛੱਡਣਾ । ਅਸਾਂ ਐਸਾ ਵਾਤਾਵਰਣ ਪੈਦਾ ਕਰਨਾ ਹੈ, ਐਸੇ ਪੂਰਨੇ ਪਾਉਣੇ ਹਨ ਕਿ ਨੌਜਵਾਨ ਪੀੜੀ ਪ੍ਰੇਰਣਾ ਲੈਕੇ ਇਹ ਜਾਣੇ– ਸਮਝੇ ਕਿ ਸਿੱਖ ਬਣਨ ਵਿੱਚ ਹੀ ਸਾਡਾ ਮਾਣ ਹੈ, ਗੁਰਸਿੱਖੀ ਹੀ ਸਾਡੀ ਸ਼ਾਨ ਹੈ । ਜਿੰਨ੍ਹਾਂ ਨੇ ਵੀ ਗੁਰ– ਉਪਦੇਸ ਸੁਣਕੇ ਗੁਰੂ ਉਤੇ ਯਕੀਨ ਕੀਤਾ ਹੈ, ਉਨ੍ਹਾਂ ਦੀਆਂ ਸਭ ਭੁੱਖਾਂ ਦੂਰ ਹੋ ਗਈਆਂ ਹਨ । ਉਹ ਸੁਖੀ ਅਤੇ ਸੁਹੇਲੇ ਹੋ ਗਏ ਹਨ –

ਗੁਰ ਰਸਨਾ ਅੰਮ੍ਰਿਤ ਬੋਲਦੀ ਹਰਿ ਨਾਮਿ ਸੁਹਾਵੀ ॥
ਜਿਨ ਸੁਣਿ ਸਿਖਾ ਗੁਰੁ ਮੰਨਿਆ ਤਿਨਾ ਭੁਖ ਸਭ ਜਾਵੀ ॥ ਅੰਗ 726

ਧੰਨਵਾਦਿ ਸਹਿਤ, ਆਤਮ ਪਰਮਾਤਮ ਵਿਚੋਂ

# ਸ਼ਬਦ ਗੁਰੂ ਪ੍ਰਕਾਸਿਓ

ਭਾਈ ਕਿਸ਼ਨ ਸਿੰਘ

ਗੁਰੂ ਨਾਨਕ ਸਾਹਿਬ ਮਹਾਰਾਜ ਫੁਰਮਾਨ ਕਰਦੇ ਹਨ:

ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥(ਅੰਕ ੭੨੨)

ਧੰਨ ਗੁਰੂ ਅੰਗਦ ਸਾਹਿਬ ਜੀ ਮਹਾਰਾਜ ਦਾ ਫੁਰਮਾਨ ਹੈ:

ਦੀਖਿਆ ਆਖਿ ਬੁਝਾਇਆ ਸਿਫਤੀ ਸਚਿ ਸਮੇਉ ॥(ਅੰਕ ੧੫੦)

ਗੁਰੂ ਅਮਰਦਾਸ ਪਾਤਿਸ਼ਾਹ ਜੀ ਦੇ ਫੁਰਮਾਨ ਹਨ:

ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ ॥(ਅੰਕ ੫੧੫)

ਤਿਵੇਂ ਹੀ ਗੁਰੂ ਰਾਮਦਾਸ ਮਹਾਰਾਜ ਦੇ ਪਾਵਨ ਫੁਰਮਾਨ ਹਨ:

ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ ਹਰਿ ਕਰਤਾ ਆਪਿ ਮੁਹਹੁ ਕਢਾਏ॥(੩੦੮)

ਗੁਰੂ ਅਰਜਨ ਸਾਹਿਬ ਪਾਤਸ਼ਾਹ ਜੀ ਵੀ ਇਹੋ ਜਿਹਾ ਫੁਰਮਾਨ ਕਰਦੇ ਹਨ:

ਬੇਸੁਮਾਰ ਅਥਾਹ ਅਗਨਤ ਅਤੋਲੈ ॥ ਜਿਉ ਬੁਲਾਵਹੁ ਤਿਉ ਨਾਨਕ ਦਾਸ ਬੋਲੈ ॥੮॥( ੨੯੨)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਹ ਬਾਣੀ ਧੁਰ ਕੀ ਬਾਣੀ ਦਾ ਅਦਬ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਆਪ ਇਤਨਾ ਕੀਤਾ ਕਿ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਜਦੋਂ ਆਪ ਨੇ ਪਲੰਘ ਤੇ ਵਿਸ਼ਰਾਮ ਕਰਵਾਇਆ ਤਾਂ ਆਪ ਜੀ ਨੇ ਆਪ ਭੋਇੰ ਤੇ ਵਿਸ਼ਰਾਮ ਕੀਤਾ ਤੇ ਗੋਡੇ ਤੇ ਚੋਟ ਆ ਗਈ, ਸਿੱਖਾਂ ਪੁੱਛਿਆ, 'ਮਹਾਰਾਜ ਇਤਨੀ ਕਾਹਲੀ ਕਿਉਂ ਕੀਤੀ ? ਤਾਂ ਸਤਿਗੁਰੂ ਪਾਤਿਸ਼ਾਹ ਕਹਿਣ ਲੱਗੇ, "ਮੇਰਾ ਗੁਰੂ ਆ ਰਿਹਾ ਸੀ, ਤਕਿਆ ਕਿ ਸਿੱਖ ਸ਼ਬਦ ਪੜ੍ਹਦੇ ਹੋਏ ਆ ਰਹੇ ਸਨ, ਜਿੱਥੇ ਗੁਰੂ ਸ਼ਬਦ ਦੀ ਆਵਾਜ਼ ਹੀ ਸਤਿਗੁਰੂ ਜੀ ਦੇ ਪਾਵਨ ਕੰਨਾ ਵਿੱਚ ਪਈ, ਸਤਿਗੁਰੂ ਜੀ ਉਸ ਸ਼ਬਦ ਅਵਾਜ਼ ਦਾ ਵੀ ਇਤਨਾ ਅਦਬ ਸਤਿਕਾਰ ਕਰ ਰਹੇ ਸਨ ਕਿ ਮੇਰੇ ਗੁਰਦੇਵ ਆ ਰਹੇ ਹਨ, "ਇਹ ਸਤਿਗੁਰੂ ਦੀ ਬਾਣੀ ਨੂੰ ਸਤਿਕਾਰ ਕਰ ਕੇ ਜਾਨਣਾ ਹੈ।

ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ,
ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ ॥੧॥ (ਅੰਕ ੬੬੯)

ਸਤਿਗੁਰੂ ਜੀ ਦਾ ਫੁਰਮਾਨ ਹੈ ਕਿ

ਗੁਰੂ ਕੇ ਬਚਨ ਸਤਿ ਸਤਿ ਕਰ ਮਾਨੇ ਮੇਰੇ ਠਾਕੁਰ ਬਹੁਤੁ ਪਿਆਰੇ।

ਜੋ ਗੁਰੂ ਕੇ ਬਚਨ ਨੂੰ ਸੱਚ ਕਰ ਕੇ ਮੰਨਦੇ ਹਨ, ਉਹ ਮੇਰੇ ਮਾਲਕ, ਮੇਰੇ ਠਾਕਰ, ਮੇਰੇ ਸਾਹਿਬ, ਮੇਰੇ ਅੰਤਰਜਾਮੀ ਨਿਰੰਕਾਰ ਜੀ ਨੂੰ ਬਹੁਤ ਹੀ ਚੰਗੇ ਲੱਗਦੇ ਹਨ।

ਗੁਰੂ ਹਰਿ ਰਾਏ ਸਾਹਿਬ ਜੀ ਦੇ ਪਾਵਨ ਚਰਨਾਂ ਵਿਚ ਰਹਿਣ ਵਾਲੇ ਉਨ੍ਹਾਂ ਦੇ ਸਪੁੱਤਰ (ਸ੍ਰੀ ਗੁਰੂ) ਹਰਿਕ੍ਰਿਸ਼ਨ ਜੀ ਅਤੇ ਰਾਮ ਰਾਏ ਜੀ ਦੋਵੇਂ ਹੀ ਆਪ ਜੀ ਪਾਸ ਰਹਿੰਦੇ ਸਨ, ਦੋਵੇਂ ਹੀ ਬਾਣੀ ਪੜ੍ਹਦੇ ਸਨ, ਇੱਕ ਦਿਨ ਸਿੱਖਾਂ ਸਵਾਲ ਕੀਤਾ ਕਿ ਮਹਾਰਾਜ ਆਪ ਜੀ ਦੀ ਗੱਦੀ ਦੇ ਵਾਰਿਸ ਕੌਣ ਹੋਣਗੇ, ਸਤਿਗੁਰੂ ਪਾਤਿਸ਼ਾਹ ਜੀ ਨੇ ਸਿੱਖ ਦੇ ਹੱਥ ਵਿਚ ਇੱਕ ਸੂਈ ਦਿੱਤੀ ਅਤੇ ਸ੍ਰੀ ਹਰਿਕ੍ਰਿਸ਼ਨ ਅਤੇ ਰਾਮ ਰਾਏ ਜੀ ਨੂੰ ਚੁਭੋਂਣ ਲਈ ਹੁਕਮ ਕੀਤਾ। ਜਦੋਂ ਸਿੱਖ ਨੇ ਉਹ ਸੂਈ ਸ੍ਰੀ ਹਰਿ ਕ੍ਰਿਸ਼ਨ ਜੀ ਨੂੰ ਚੁਭੋਈ ਤਾਂ ਉਹ ਅਡੋਲ ਬੈਠੇ ਬਾਣੀ ਪੜ੍ਹਦੇ ਰਹੇ, ਉਹੋ ਸੂਈ ਜਦੋਂ ਰਾਮ ਰਾਏ ਜੀ ਨੂੰ ਚੁਭੋਈ ਤਾਂ ਉਹ ਇੱਕ ਦਮ ਤ੍ਰਭਕ ਉੱਠੇ, ਸਤਿਗੁਰੂ ਪਾਤਿਸ਼ਾਹ ਜੀ ਦੇ ਪਾਸ ਆ ਕੇ ਸਿੱਖ ਨੇ ਸਵਾਲ ਕੀਤਾ? ਮਹਾਰਾਜ, ਇੱਕ ਸੂਈ ਦੀ ਚੋਭ ਸਹਿ ਕੇ ਵੀ ਅਡੋਲ ਬੈਠੇ ਰਹੇ ਅਤੇ ਦੂਸਰੇ ਸੂਈ ਦੀ ਚੋਭ ਸਹਿੰਦਿਆਂ ਸਾਰ ਹੀ ਤ੍ਰਭਕ ਉੱਠੇ, ਬਾਣੀ ਦੋਵੇਂ ਪੜ੍ਹਦੇ ਹਨ ਪਰ ਇੰਨਾ ਫਰਕ ਕਿਉਂ ? ਗੁਰੂ ਹਰਿ ਰਾਏ ਪਾਤਿਸ਼ਾਹ ਜੀ ਕਹਿਣ ਲੱਗੇ, ਬਾਣੀ ਤਾਂ ਦੋਵੇਂ ਪੜ੍ਹਦੇ ਹਨ ਪਰ ਦੋਵਾਂ ਦੇ ਹਿਰਦੇ ਉੱਪਰ ਬਾਣੀ ਦਾ ਸਮ ਅਸਰ ਨਹੀਂ ਹੈ, ਜਿਸ ਤਰ੍ਹਾਂ ਆਕਾਸ਼

ਵਿਚ ਸੂਰਜ ਨਿਕਲਦੈ, ਸੂਰਜ ਦੀ ਕਿਰਨ ਗਹਿਰੀ ਖੱਡ ਵਿਚ ਪੈਂਦੀ ਹੈ, ਪਹਾੜ ਵਿੱਚ ਪਈ ਹੋਈ ਗਹਿਰੀ ਖੱਡ ਵਿੱਚ ਸੂਰਜ ਦੀ ਕਿਰਨ ਦਾ ਵਾਪਸੀ ਕੋਈ ਜਵਾਬ ਨਹੀਂ, ਪਰ ਜੋ ਸੂਰਜ ਦੀ ਕਿਰਨ ਬਰਫਾਨੀ ਪਹਾੜ ਦੀ ਚੋਟੀ ਤੇ ਪੈਂਦੀ ਹੈ ਤਾਂ ਉਹ ਚਮਕਦੀ ਹੈ। ਸੂਰਜ ਦੀ ਕਿਰਨ ਬਰਫਾਨੀ ਪਹਾੜ ਨਾਲ ਟਕਰਾਈ ਜਿਵੇਂ ਆਪਣੀ ਚਮਕ ਦਿਖਾਉਂਦੀ ਹੈ ਤਿਵੇਂ ਸ਼ੁੱਧ ਹਿਰਦੇ ਨਾਲ ਪੜ੍ਹੀ ਹੋਈ ਬਾਣੀ ਦਾ ਸਿੱਖ ਦੇ ਹਿਰਦੇ ਤੇ ਵੀ ਉਸ ਬਾਣੀ ਦੀ ਚਮਕ ਦਾ ਅਸਰ ਹੁੰਦਾ ਹੈ। ਉਹ ਅਡੋਲ ਅਤੇ ਸ਼ਾਂਤੀ ਵਾਲੀ ਅਵੱਸਥਾ ਨੂੰ ਪ੍ਰਾਪਤ ਕਰ ਜਾਂਦੇ। ਸਤਿਗੁਰੂ ਦੀ ਬਾਣੀ ਸਾਡਾ ਜੀਵਨ ਮਕਸਦ ਦੱਸਦੀ ਹੈ ਕਿ

ਭਈ ਪਰਾਪਤਿ ਮਾਨੁਖ ਦੇਹੁਰੀਆ ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥

(ਅੰਕ ੧੨, ਆਸਾ ਮਹਲਾ ੫)

ਗੁਰਬਾਣੀ ਸੁਚੇਤ ਕਰਦੀ ਹੈ "ਹੇ ਬੰਦੇ ਤੂੰ ਕੌਣ ਹੈ? ਕਿਥੋਂ ਆਇਆ ਹੈ ? ਆਪਣੀ ਪਹਿਚਾਣ ਕਰ।

ਸੁਨਹੁ ਰੇ ਤੂ ਕਉਨੁ ਕਹਾ ਤੇ ਆਇਓ ॥

ਏਤੀ ਨ ਜਾਨਉ ਕੇਤੀਕ ਮੁਦਤਿ ਚਲਤੇ ਖਬਰਿ ਨ ਪਾਇਓ ॥੧॥ਰਹਾਉ॥(ਅੰਕ੯੯੯)

ਗੁਰਬਾਣੀ ਸੁਚੇਤ ਕਰਦੀ ਹੈ:

ਬੰਦੇ ਤੇਰੀ ਉਮਰ ਘਟਦੀ ਜਾ ਰਹੀ ਹੈ, ਜ਼ਿੰਦਗੀ ਦਾ ਮਕਸਦ ਜਲਦੀ ਸੰਵਾਰ ਲੈ।

ਅਉਧ ਘਟੈ ਦਿਨਸੁ ਰੈਣਾਰੇ ॥ ਮਨ ਗੁਰ ਮਿਲਿ ਕਾਜ ਸਵਾਰੇ ॥੧॥ ਰਹਾਉ॥(ਅੰਕ ੧੩)

ਇਸ ਤਰ੍ਹਾਂ ਇੱਕ ਸਾਹ ਦਾ ਵੀ ਕੀ ਭਰੋਸਾ ਹੈ। ਜਿਵੇਂ ਕਣਕ ਦੀ ਗਰੰਟੀ ਸੰਭਾਲ ਕੇ ਰੱਖੀ ਜਾਏ ਤਾਂ ਇੱਕ ਸਾਲ ਹੈ, ਉਸ ਕਣਕ ਦਾ ਆਟਾ ਬਣ ਜਾਏ ਤਾਂ ਉਸ ਦੀ ਗਰੰਟੀ ਇੱਕ ਮਹੀਨਾ, ਉਸ ਦੀ ਰੋਟੀ ਪੱਕ ਜਾਏ ਤਾਂ ਰੋਟੀ ਦੀ ਗਰੰਟੀ ਇੱਕ ਦਿਨ। ਉਹ ਰੋਟੀ ਅੰਦਰ ਪੇਟ ਵਿੱਚ ਚਲੀ ਜਾਵੇ ਤਾਂ ਤਕਰੀਬਨ ਪੰਜ ਘੰਟੇ ਤੱਕ ਸਹਾਰਾ ਦਿੰਦੀ ਹੈ ਅਤੇ ਉਸ ਪੰਜ ਘੰਟੇ ਦੇ ਅੰਦਰ ਉਸ ਭੋਜਨ ਤੋਂ ਬਣਿਆ ਖੂਨ ਅਤੇ ਉਸ ਰਾਹੀਂ ਚੱਲੇ ਸਾਹ ਦੀ ਗਰੰਟੀ ਇੱਕ ਪਲ ਭਰ ਵੀ ਨਹੀਂ ਹੈ। ਇਹ ਸਾਹ ਅੰਦਰ ਗਿਆ, ਬਾਹਰ ਆਏਗਾ ਕਿ ਨਹੀਂ, ਬਾਹਰ ਨਿਕਲਿਆ ਸਾਹ ਵਾਪਸ ਅੰਦਰ ਜਾਏਗਾ ਕਿ ਨਹੀਂ, ਇਸ ਵਾਸਤੇ ਸਤਿਗੁਰੂ ਪਾਤਿਸ਼ਾਹ ਜੀ ਗੁਰਬਾਣੀ ਰਾਹੀਂ ਸੁਚੇਤ ਕਰਦੇ ਹਨ।

ਹਰਿ ਜਪਦਿਆ ਖਿਨੁ ਢਿਲ ਨ ਕੀਜਈ ਮੇਰੀ ਜਿੰਦੁੜੀਏ

ਮਤ ਕਿ ਜਾਪੈ, ਸਾਹੁ ਆਵੈ ਕਿ ਨ ਆਵੈ ਰਾਮ॥ (ਅੰਕ ੫੪੦, ਬਿਹਾਗੜਾ ਮਹਲਾ ੪)

ਆਓ, ਉੱਦਮ ਕਰ ਕੇ ਅਸਾਂ ਸਿਮਰਨ ਦੀ ਤਰਫ ਕਦਮ ਉਠਾਣੇ ਹਨ।

ਉੱਦਮੁ ਕਰੇ ਭਲਕੇ ਪ੍ਰਭਾਤੀ, ਇਸ਼ਨਾਨੁ ਕਰੇ ਅੰਮ੍ਰਿਤਸਰ ਨਾਵੈ ॥(ਅੰਕ ੩੦੫)

ਅਤੇ ਹੋਰ ਫੁਰਮਾਨ ਹੈ।

ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆਂ ਸੁਖ ਭੁੰਚੁ ॥

ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ ॥ (ਅੰਕ ੫੨੨)

ਉਸ ਤੋਂ ਬਾਅਦ ਸਾਡੇ ਉਦਮ ਪੁਰਸ਼ਾਰਥ ਸਦਕਾ, ਪ੍ਰਭੂ ਕਿਰਪਾ ਕਰਦੈ, ਪ੍ਰਭੂ ਆਪ ਹੀ ਸਿਮਰਨ ਕਰਾਉਂਦੇ ਹਨ।

ਸੇ ਸਿਮਰਹਿ ਜਿਨ ਆਪਿ ਸਿਮਰਾਏ ॥ (ਅੰਕ ੨੬੩, ਗਉੜੀ ਸੁਖਮਨੀ)

ਅਤੇ ਦੂਸਰੀ ਖਾਸ ਗੱਲ ਹੈ, ਸਿਮਰਨ ਕਰਨ ਲਈ ਅਰਦਾਸ ਵੀ ਚਾਹੀਦੀ ਹੈ, ਗੁਰੂ ਕੇ ਸਿੱਖ ਦੇ ਮੁੱਖ ਵਿਚੋਂ ਸੁਭਾ, ਸ਼ਾਮ, ਹਰ ਸਮੇਂ ਇਹ ਪੰਕਤੀਆਂ ਦੇ ਭਾਵ ਅੰਦਰੋਂ ਉੱਠਣ ਚਾਹੀਦੇ ਹਨ।

ਵਿਸਰੁ ਨਾਹੀ ਦਾਤਾਰ ਆਪਣਾ ਨਾਮ ਦੇਹੁ ਗੁਣ ਗਾਵਾਂ ਦਿਨੁ ਰਾਤ ਨਾਨਕ ਚਾਉ ਇਹੁ (੭੬੨)

ਇਸ ਤਰ੍ਹਾਂ ਅਰਦਾਸ ਕੀਤੀ ਜਾਵੇ।

ਸੇਵਕ ਦੀ ਅਰਦਾਸਿ ਪਿਆਰੇ ॥ ਜਪਿ ਜੀਵਾ ਪ੍ਰਭ ਚਰਣ ਤੁਮਾਰੇ ॥੧॥(ਅੰਕ ੫੯੫)

ਅਤੇ ਇਹ ਸਿਮਰਨ ਥੋੜ੍ਹੇ ਚਿਰ ਦਾ ਨਹੀਂ ਚਾਹੀਦਾ, ਇਹ ਸਿਮਰਨ ਇੱਕ ਦਿਨ ਸੁਆਸ ਸੁਆਸ ਦਾ ਸਿਮਰਨ ਬਣ ਜਾਣਾ ਚਾਹੀਦਾ ਹੈ ।

ਸਾਸਿ ਸਾਸਿ ਸਿਮਰਹੁ ਗੋਬਿੰਦ ॥ (ਗਉੜੀ ਸੁਖਮਨੀ ਮਹਲਾ ੫, ਅੰਕ ੨੯੫)

ਬਾਰ ਬਾਰ ਸਿਮਰਨ ਚਾਹੀਦਾ ਹੈ, ਗੁਰੂ ਅਰਜਨ ਸਾਹਿਬ ਪਾਤਿਸ਼ਾਹ ਜੀ ਵਲੋਂ ਭਾਈ ਬੰਨੋ ਜੀ ਦੀ ਡਿਊਟੀ ਲੱਗੀ ਸੀ ਕਿ ਆਪਣੇ ਇਲਾਕੇ ਵਿੱਚ ਗੁਰਮਤਿ ਦਾ ਪ੍ਰਚਾਰ ਕਰਨਾ ਹੈ । ਇੱਕ ਸਿੱਖ ਨੇ ਸਵਾਲ ਕੀਤਾ ਹੈ, ਭਾਈ ਸਾਹਿਬ ਜੀ ! ਸਿਮਰਨ ਕਰਦੇ ਹਾਂ, ਪਰ ਮਨ ਨੂੰ ਸ਼ਾਂਤੀ ਨਹੀਂ ਮਿਲਦੀ, "ਭਾਈ ਸਾਹਿਬ ਜੀ ਨੇ ਬੜਾ ਸੁੰਦਰ ਜਵਾਬ ਦਿੱਤਾ ਸੀ, "ਤਵੀ ਤਪਦੀ ਹੋਵੇ, ਉਸ ਤਪਦੀ ਤਵੀ ਤੇ ਚੰਦ ਬੂੰਦਾਂ ਪਾਣੀ ਦੀਆਂ ਪੈ ਜਾਣ ਤਾਂ ਉਹ ਤਵੀ ਠੰਡੀ ਨਹੀਂ ਹੋ ਜਾਂਦੀ, ਉਸ ਤਵੀ ਉੱਪਰ ਜ਼ੋਰਦਾਰ ਮੀਂਹ ਚਾਹੀਦਾ ਹੈ, ਤਾਂ ਉਹ ਤਵੀ ਠੰਡੀ ਹੁੰਦੀ ਹੈ । ਸਾਡਾ ਹਿਰਦਾ ਤਪ ਰਿਹਾ ਹੈ, ਇਸ ਉੱਪਰ ਜ਼ੋਰਦਾਰ ਸਿਮਰਨ ਚਾਹੀਦਾ ਤਾਂ ਹੀ ਇਸ ਦੇ ਨਾਲ ਸਾਡੇ ਮਨ ਨੂੰ ਸ਼ਾਂਤੀ ਮਿਲ ਸਕਦੀ ਹੈ।" ਗੁਰੂ ਅਮਰਦਾਸ ਸਾਹਿਬ ਜੀ ਨੂੰ ਇੱਕ ਦਿਨ ਸਿੱਖਾਂ ਨੇ ਸਵਾਲ ਕੀਤਾ ਸੀ, ਮਹਾਰਾਜ ਤੁਸੀਂ ਆਪ ਗੁਰੂ ਹੋ, ਤੁਸੀਂ ਕਿਉਂ ਭਜਨ ਕਰਦੇ ਹੋ ? ਕਿਉਂ ਸਿਮਰਨ ਕਰਦੇ ਹੋ ? ਆਪ ਸਾਰੀ ਸਾਰੀ ਰਾਤ ਕਿੱਲੀ ਪਕੜਕੇ ਸਿਮਰਨ ਕਰਦੇ ਰਹਿੰਦੇ, ਗੁਰੂ ਅਮਰਦਾਸ ਸਾਹਿਬ ਜੀ ਨੇ ਬੜਾ ਸਪੱਸ਼ਟ ਜਵਾਬ ਦੇਂਦਿਆਂ, ਛੋਟੀ ਜਿਹੀ ਗਾਥਾ ਰਾਹੀਂ ਗੱਲ ਸਮਝਾਈ ਸੀ । ਗੁਰੂ ਅਮਰਦਾਸ ਬਾਬਾ ਜੀ ਕਹਿਣ ਲੱਗੇ, "ਇੱਕ ਗਰੀਬ ਬੰਦੇ ਨੂੰ ਕਿਸੇ ਨੇ ਦੱਸਿਆ ਕਿ ਪਹਾੜ ਪੁੱਟਿਆ ਲਾਲ ਮਿਲਦੇ ਹਨ, ਉਹ ਪਹਾੜ ਪੁੱਟਦਾ ਗਿਆ । ਪਹਾੜ ਪੁੱਟਦਿਆਂ ਇੱਕ ਦਿਨ ਉਸ ਨੂੰ ਇੱਕ ਲਾਲ ਮਿਲਿਆ, ਲਾਲ ਵੇਚ ਕੇ ਉਹ ਧਨੀ ਬਣ ਗਿਆ ਪਰ ਧਨੀ ਬਣਨ ਤੋਂ ਬਾਅਦ ਵੀ ਪਹਾੜ ਦੀ ਪੁਟਾਈ ਉਸਨੇ ਜਾਰੀ ਰੱਖੀ, ਤਾਂ ਕਿ ਹੋਰ ਧੰਨਵਾਦ ਬਣ ਜਾਵਾਂ, ਇਹ ਅਕਾਲ ਪੁਰਖ਼ ਦੀ ਬਖਸ਼ਿਸ਼ ਹੈ ਕਿ ਅੱਜ ਇਸ ਗੁਰਗੱਦੀ ਉੱਪਰ ਬਿਠਾ ਕੇ ਮੈਨੂੰ ਮਾਲਕ ਬਣਾਇਆ ਹੈ ਪਰ ਜਿਸ ਅਕਾਲ ਪੁਰਖ਼ ਨੇ ਇਹ ਗੁਰਗੱਦੀ ਦੀ ਬਖਸ਼ਿਸ਼ ਕੀਤੀ ਹੈ, ਅਸੀਂ ਉਸ ਦੇ ਨਾਲ ਇੱਕ ਮਨ ਹਰ ਸਮੇਂ ਜੁੜੇ ਹਾਂ ਅਤੇ ਦੂਸਰਿਆਂ ਨੂੰ ਜੁੜਨ ਦੇ ਲਈ ਉਪਦੇਸ਼ ਕਰਦੇ ਹਾਂ ।

ਗੁਰੂ ਨਾਨਕ ਸਾਹਿਬ ਪਾਤਿਸ਼ਾਹ ਜੀ ਨੂੰ ਇੱਕ ਦਿਨ ਸ਼ਾਹ ਸ਼ਰਫ਼ ਨੇ ਪੁੱਛਿਆ ਕਿ ਅਸੀਂ ਅੱਜ ਤੱਕ ਬਹੁਤ ਲੋਕਾਂ ਨੂੰ ਪੁਛਿਆ ਕਿ ਬੜੇ ਬੜੇ ਵਿਦਵਾਨਾਂ, ਜੋਤਸ਼ੀਆਂ ਨੂੰ ਪੰਡਤਾਂ ਨੂੰ ਪੁੱਛਿਐ ਕਿ ਪਰਮਾਤਮਾ ਨਾਲ ਮਿਲਣ ਕਦੋਂ ਹੋਵੇਗਾ, ਇਤਿਹਾਸਕਾਰ ਦੇ ਬੋਲ ਹਨ, ਸ਼ਾਹ ਸ਼ਰਫ਼, "ਨਿੱਤ ਪੁੱਛਾਂ ਪੰਡਿਤ ਜੋਇਸੀ ਕਬ ਪੀਰ ਮਿਲਾਵਾ ਹੋਇਸੀ" ਤੇ ਗੁਰੂ ਨਾਨਕ ਪਾਤਿਸ਼ਾਹ ਜੀ ਜੋ ਜਵਾਬ ਦਿੱਤਾ, "ਸ਼ਾਹ ਸ਼ਰਫ਼ ਨਾ ਥੀਓ ਉਤਾਵਲਾ, ਇੱਕ ਚੋਟ ਨਾ ਥੀਵੇ ਚਾਵਲਾ" ਐਹ ਸ਼ਾਹ ਸ਼ਰਫ਼ ਤੂੰ ਥੋੜ੍ਹਾ ਜਿਹਾ ਸਿਮਰਨ ਕਰ ਕੇ ਥੋੜ੍ਹਾ ਜਿਹਾ ਧਰਮ ਦੇ ਮਾਰਗ ਤੇ ਚੱਲਕੇ ਉਤਾਵਲਾ ਨਾ ਹੋ, ਮੁੰਜ ਵਿਚੋਂ ਚੌਲ ਕੱਢਣੇ ਹੋਣ ਤਾਂ ਇੱਕ ਚੋਟ ਮਾਰਨ ਨਾਲ ਮੁੰਜੀ ਵਿਚੋਂ ਚੌਲ ਨਹੀਂ ਨਿਕਲ ਆਉਂਦੇ । ਬਾਰ ਬਾਰ ਸੱਟ ਮਾਰਨੀ ਪੈਂਦੀ ਹੈ । ਬਾਰ ਬਾਰ ਸਿਮਰਨ ਦੇ ਰਾਹੀਂ, ਇਸ, ਮੈਂ-ਮੇਰੀ, ਦੀ ਮੁੰਝ ਵਿਚੋਂ ਆਪਣੇ ਆਪ ਨੂੰ ਵੱਖਰਾ ਕਰਨਾ ਪੈਂਦਾ ਹੈ, ਤੇ ਸਿਮਰਨ ਦੇ ਰਾਹੀਂ ਜੈਸੇ ਆਪਣੇ ਆਪ ਨੂੰ ਸਰੀਰਕ ਹਉਮੈ ਤੋਂ ਅਲੱਗ ਕਰ ਲੈਂਦੇ ਹਾਂ ਉਦੋਂ ਪਰਮਾਤਮਾ ਦੇ ਨਾਲ ਮਿਲਣ ਹੋ ਜਾਂਦਾ ਹੈ ।

ਬਾਰ ਬਾਰ ਹਰਿ ਕੇ ਗੁਨ ਗਾਵਉ ॥ ਗੁਰ ਗਮਿ ਭੇਦੁ ਸੁ ਹਰਿ ਕਾ ਪਾਵਉ ॥੧॥ਰਹਾਉ॥

(ਅੰਕ ੩੪੪, ਰਾਗ ਗਉੜੀ ਵਾਰ ਕਬੀਰ ਜੀਉ ਕੇ ੭)

ਸਤਿਗੁਰੂ ਦੇ ਨਾਮ ਦੇ ਸਿਮਰਨ ਦੇ ਨਾਲ ਇੰਨਾ ਪ੍ਰੇਮ ਪੈਦਾ ਹੋ ਜਾਏ ਕਿ ਦੂਸਰੇ ਪਾਸੇ ਜੇ ਸਾਰੀ ਧਰਤੀ ਵੀ ਸੋਨੇ ਦੀ ਬਣਾ ਕੇ ਦੇਣ ਲਈ ਕੋਈ ਤਿਆਰ ਹੋਵੇ ਤਾਂ ਉਸ ਪਾਸੇ ਮਨ ਨਾ ਜਾਏ ।

ਜਿਨ ਸਰਧਾ ਰਾਮ ਨਾਮਿ ਲਗੀ ਤਿਨ ਦੂਜੈ ਚਿਤੁ ਨ ਲਾਇਆ ਰਾਮ ॥
ਜੇ ਧਰਤੀ ਸਭ ਕੰਚਨੁ ਕਰਿ ਦੀਜੈ ਬਿਨੁ ਨਾਵੈ ਅਵਰੁ ਨ ਭਾਇਆ ਰਾਮ ॥(ਅੰਕ ੪੪੪)

ਪਰਮਾਤਮਾ ਦੇ ਨਾਮ ਸਿਮਰਨ ਦੇ ਬਰਾਬਰ ਸੰਸਾਰ ਦੇ ਸੰਪੂਰਨ ਸੁਖ ਕੋਈ ਮਹੱਤਤਾ ਨਹੀਂ ਰੱਖਦੇ। ਦੂਸਰੀ ਗੱਲ ਧਿਆਨ ਵਿੱਚ ਰੱਖਣ ਵਾਲੀ ਹੈ ਕਿ ਸਿਮਰਨ ਵਾਲੇ ਨੂੰ ਤੋਟ ਕੋਈ ਨਹੀਂ ਰਹਿ ਜਾਂਦੀ। ਭਾਈ ਸਾਹਿਬ ਭਾਈ ਵੀਰ ਸਿੰਘ ਜੀ ਲਿਖਦੇ ਹਨ, ਮੈਂ ਆਪਣੇ ਆਪ ਨੂੰ ਪਰਮਾਤਮਾ ਪਤੀ ਦੀ ਝੋਲੀ ਵਿੱਚ ਸਮਰਪਿਤ ਕਰ ਦਿੱਤਾ, ਤਾਂ ਮੇਰਾ ਜੀਵਨ ਘਟੀਆ ਤੋਂ ਮਹਾਨ ਬਣ ਗਿਆ,

ਮੈਂ ਚੰਗੀ ਵੇ ਲੋਕਾ ਜਿਨੂੰ ਸਾਂਈ ਨੇ ਹੱਥ ਲਾਇਆ,
ਗੁਣ ਅਉਗੁਣ ਮੇਰਾ ਕੁਛ ਨਾ ਤਕਿਆ ਉਸ ਝੋਲੀ ਪਕੜ ਬਿਠਾਇਆ
ਮੰਦੀ ਮਾਂ ਪਰ ਚੰਗੀ ਹੋ ਗਈ, ਹੁਣ ਮੰਦੀ ਕਹੋ ਨਾ ਕੋਈ।
ਉਸ ਤਾਂਬੇ ਨੂੰ ਕਹੋ ਨਾ ਤਾਂਬਾ ਜਿਸ ਨੂੰ ਪਾਰਸ ਨੇ ਗਲ ਲਾਇਆ।(ਭਾਈ ਵੀਰ ਸਿੰਘ)

ਬੜੀ ਸੁੰਦਰ ਬਾਤ ਫਰੀਦ ਜੀ ਦੀ ਬਾਣੀ ਵਿਚੋਂ ਮਿਲਦੀ ਹੈ। ਪਰਮਾਤਮਾ ਕਹਿੰਦਾ ਹੈ, ਬੰਦੇ ਇੱਕ ਤੂੰ ਮੇਰਾ ਹੋ ਜਾ, ਬਦਲੇ ਵਿਚ ਮੈਂ ਸਾਰਾ ਸੰਸਾਰ ਤੈਨੂੰ ਦੇਵਾਂਗਾ।

ਫਰੀਦਾ ਜੇ ਤੂੰ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ ॥ (ਅੰਕ ੧੩੮੨)

ਸਿਮਰਨ ਲਈ ਜ਼ਰੂਰੀ ਹੈ ਕਿ ਇਸ ਸਰੀਰ ਦਾ ਸੰਬੰਧ ਇਤਨਾ ਜਿਆਦਾ ਮਮਤਾ ਰੂਪ ਵਿੱਚ ਅੰਦਰ ਨਾ ਟਿਕਿਆ ਰਹੇ ਕਿ ਪਰਮਾਤਮਾ ਦੇ ਸੰਬੰਧ ਤੋਂ ਦੂਰ ਹੀ ਰਹਿ ਜਾਈਏ। ਇੱਕ ਦਿਨ ਗੁਰੂ ਨਾਨਕ ਪਾਤਿਸ਼ਾਹ ਜੀ ਨੇ ਮਰਦਾਨੇ ਨੂੰ ਕਿਹਾ ਸੀ, 'ਮਰਦਾਨਿਆ ਰਬਾਬ ਵਜਾ ਤਾਂ ਮਰਦਾਨਾ ਕਹਿਣ ਲੱਗਾ ਬਾਬਾ ਜੀ ਮੇਰੇ ਇੱਕ ਹੱਥ ਰਬਾਬ ਹੈ ਅਤੇ ਦੂਜੇ ਹੱਥ ਘੋੜੀ ਦੀ ਲਗਾਮ ਹੈ ਤਾਂ ਸਤਿਗੁਰੂ ਪਾਤਿਸ਼ਾਹ ਕਹਿਣ ਲੱਗੇ ਮਰਦਾਨਿਆਂ, ਘੋੜੀ ਦੀ ਲਗਾਮ ਛੱਡ ਦੇ, ਰਬਾਬ ਵਜਾ, ਸਤਿਗੁਰੂ ਪਾਤਿਸ਼ਾਹ ਜੀ ਦਾ ਬੜਾ ਸੁੰਦਰ ਇਸ਼ਾਰਾ ਸੀ ਦੇਹ ਰੂਪੀ ਘੋੜੀ ਦੀ ਲਗਾਮ ਛੱਡਿਆ ਹੀ ਕੀਰਤਨ ਕੀਤਾ ਜਾ ਸਕਦੈ, ਜਿਸ ਨੇ ਗੁਰਬਾਣੀ ਦਾ ਕੀਰਤਨ, ਗੁਰਬਾਣੀ ਦਾ ਸਿਮਰਨ, ਗੁਰਬਾਣੀ ਦਾ ਜਪ ਕਰਦਿਆਂ ਆਪਣੇ ਆਪ ਨੂੰ ਪਰਮਾਤਮਾ ਨਾਲ ਜੋੜਿਆ, ਉਸ ਨੂੰ ਗੁਰੂ ਦੀ ਅਸੀਸ ਵੀ ਮਿਲ ਜਾਂਦੀ ਹੈ।

ਪੂਤਾ ਮਾਤਾ ਕੀ ਆਸੀਸ ॥
ਨਿਮਖ ਨ ਬਿਸਰਉ ਤੁਮ ਕਉ ਹਰਿ ਹਰਿ ਸਦਾ ਭਜਹੁ ਜਗਦੀਸ ॥੧॥ਰਹਾਉ ॥
(ਅੰਕ ੪੪੬, ਗੂਜਰੀ ਮਹਲਾ ੫)

ਸਾਂਈ ਮੀਆਂ ਮੀਰ ਜੀ ਦਾ ਦਰਵਾਜ਼ਾ ਖੜਕਾਇਆ ਅਤੇ ਦਰਵਾਜ਼ਾ ਖੜਕਾਉਣ ਵਾਲੇ ਆਖਿਆ, "ਮੈਨੂੰ ਕੰਮ ਹੈ ਦਰਵਾਜ਼ਾ ਖੋਲ੍ਹੋ ਤਾਂ ਸਾਂਈ ਮੀਆਂ ਮੀਰ ਜੀ ਨੇ ਜਵਾਬ ਦਿੱਤਾ, ਮੈਨੂੰ ਵੀ ਕੰਮ ਹੈ। ਉਹ ਉਸ ਸਮੇਂ ਬੰਦਗੀ ਵਿੱਚ ਜੁੜੇ ਸਨ। ਬਾਹਰੋਂ ਆਏ ਵਿਅਕਤੀ ਨੇ ਦੁਬਾਰਾ ਫਿਰ ਅਵਾਜ਼ ਦਿੱਤੀ, "ਸਾਂਈ ਜੀ ਅਸੀਸ ਦੇ ਦਿਓ, ਤੇ ਸਾਂਈ ਮੀਆਂ ਮੀਰ ਜੀ ਕਹਿਣ ਲੱਗੇ ਬੰਦਗੀ ਕਰੋ, ਬੰਦਗੀ ਹੀ ਅਸੀਸ ਦਿੰਦੀ ਹੈ। ਜੇ ਸਿੱਖ ਦੇ ਹਿਰਦੇ ਵਿੱਚ ਬੰਦਗੀ ਹੈ ਤਾਂ ਸਿੱਖ ਨੂੰ ਗੁਰੂ ਦੀ ਬਖਸ਼ੀਸ਼ ਅਤੇ ਅਸੀਸ ਸਦੀਵੀ ਪ੍ਰਾਪਤ ਹੁੰਦੀ ਰਹਿੰਦੀ ਹੈ।

ਅਸੀਂ ਸਾਰੇ ਯਤਨ ਕਰਦੇ ਹਾਂ ਕਿ ਅਜਿਹੇ ਗੁਰੂ ਦੇ ਪ੍ਰਤੀ ਸਾਡੀ ਪੂਰਨ ਸ਼ਰਧਾ ਹੋਵੇ, ਗੁਰੂ ਦੇ ਬਚਨ ਸਤਿ ਕਰ ਕੇ ਮੰਨੀਏ। ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਨੇ ਇਹ ਅੰਤਿਮ ਰਸਮ ਅਦਾ ਕਰ ਕੇ ਗੁਰਗੱਦੀ ਤੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਬਿਰਾਜਮਾਨ ਕੀਤਾ ਸੀ।

ਆਗਿਆ ਭਈ ਅਕਾਲ ਕੀ ਤਬੈ ਚਲਾਇਓ ਪੰਥ
ਸਭ ਸਿਖਨ ਕਉ ਹੁਕਮ ਹੈ ਗੁਰੂ ਮਾਨਿਓ ਗਰੰਥ ॥

ਧੰਨਵਾਦਿ ਸਹਿਤ, ਗੁਰੂ ਗ੍ਰੰਥ ਸਾਹਿਬ ਇਕ ਜੀਵਨ ਜਾਚ

# ਮਹਾਨ ਸ਼ਹੀਦ ਬਾਬਾ ਦੀਪ ਸਿੰਘ ਜੀ (ਸ਼ਹੀਦੀ ਦਿਵਸ ਤੇ ਵਿਸ਼ੇਸ਼)

ਬਲਵਿੰਦਰ ਸਿੰਘ 'ਸਾਗਰ'

ਸਿੱਖ ਇਤਿਹਾਸ ਵਿੱਚ ਬਾਬਾ ਦੀਪ ਸਿੰਘ ਜੀ ਦਾ ਨਾਮ ਸੁਨਹਿਰੀ ਅਖਰਾਂ ਵਿੱਚ ਲਿਖਿਆ ਮਿਲਦਾ ਹੈ । ਬਾਬਾ ਦੀਪ ਸਿੰਘ ਜੀ ਦਾ ਨਾਮ ਸੁਣਦਿਆਂ ਹੀ ਹਰ ਸਿੱਖ ਦਾ ਸਿਰ ਅਦਬ ਨਾਲ ਝੁਕ ਜਾਂਦਾ ਹੈ । ਆਪ ਜੀ ਦੀ ਸੇਵਾ, ਸਿਮਰਨ ,ਸ਼ਰਧਾ, ਨਿਡਰਤਾ , ਸ਼ੂਰਬੀਰਤਾ ਅਤੇ ਵਿਦਵਤਾ ਦੀ ਕੋਈ ਮਿਸਾਲ ਨਹੀਂ ।ਆਪ ਜੀ ਨੇ ਗੁਰੂ ਨਾਨਕ ਦੇਵ ਜੀ ਦਾ ਮਹਾਨ ਉਪਦੇਸ਼

ਜਉ ਤਉ ਪ੍ਰੇਮ ਖੇਲਣ ਕਾ ਚਾਉ। ਸਿਰੁ ਧਰਿ ਤਲੀ ਗਲੀ ਮੇਰੀ ਆਉ ।।( ਅੰਗ ੧੪੧੦)

ਨੂੰ ਆਪਣੇ ਜੀਵਨ ਦੀ ਕਮਾਈ ਨਾਲ ਸਾਕਾਰ ਕਰਕੇ ਸਾਡੇ ਲਈ ਮਿਸਾਲ ਪੇਸ਼ ਕੀਤੀ ਹੈ।ਆਓ ਬਾਬਾ ਜੀ ਦੇ ਬਹੁਪੱਖੀ ਸ਼ਖਸੀਅਤ ਬਾਰੇ ਜਾਨਣ ਦਾ ਯਤਨ ਕਰੀਏ ।

ਆਪ ਜੀ ਦਾ ਜਨਮ ੨੦ ਜਨਵਰੀ ੧੬੮੨ ਪਿੰਡ ਪਹੁਵਿੰਡ ਜ਼ਿਲ੍ਹਾ ਅਮ੍ਰਿਤਸਰ, ਹੁਣ ਤਰਨਤਾਰਨ,ਵਿਖੇ ਹੋਇਆ । ਆਪ ਜੀ ਦੇ ਪਿਤਾ ਭਾਈ ਭਗਤੂ ਜੀ , ਮਾਤਾ ਜਿਊਣੀ ਜੀ ਗੁਰੂ ਘਰ ਦੇ ਸ਼ਰਧਾਲੂ ਸਿੱਖ ਸਨ । ਪਰਿਵਾਰ ਸਮੇਤ ਗੁਰੂ ਦਰਬਾਰ ਵਿਚ ਅਕਸਰ ਹਾਜ਼ਰੀ ਭਰਿਆ ਕਰਦੇ ਸਨ । ੧੬੮੭ ਵਿੱਚ ਭਾਈ ਭਗਤੂ ਜੀ ਪਰਿਵਾਰ ਸਮੇਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਲਈ ਸ੍ਰੀ ਅੰਨਦਪੁਰ ਸਾਹਿਬ ਆਏ । ਗੁਰੂ ਜੀ ਦੀ ਨਜ਼ਰ ਬਾਲਕ ਦੀਪ ਸਿੰਘ ਤੇ ਪਈ ।ਉਸ ਸਮੇਂ ਆਪ ਜੀ ਦੀ ਉਮਰ ਕੇਵਲ ੫ ਸਾਲ ਹੀ ਸੀ । ਅੰਤਰਜਾਮੀ ਗੁਰੂ ਨੇ ਬਾਲਕ ਦੀਪ ਸਿੰਘ ਦੀ ਆਤਮਕ ਅਵਸਥਾ ਅਤੇ ਸਮਰਥਾ ਨੂੰ ਪਛਾਣ ਲਿਆ । ਹੁਕਮ ਕੀਤਾ ਕਿ ਇਸ ਬਾਲਕ ਨੂੰ ਗੁਰੂ ਘਰ ਛਡ ਦਿਉ । ਭਾਈ ਭਗਤੂ ਜੀ ਨੇ ਗੁਰੂ ਦਾ ਹੁਕਮ ਮੰਨਿਆ ਤੇ ਬਾਲਕ ਦੀਪ ਸਿੰਘ ਨੂੰ ਖੁਸ਼ੀ-ਖੁਸ਼ੀ ਗੁਰੂ ਜੀ ਦੇ ਅਰਪਨ ਕਰ ਦਿੱਤਾ ।ਗੁਰੂ ਜੀ ਨੇ ਇਸ ਬਾਲਕ ਦੀ ਸਿਖਿਆ ਅਤੇ ਦੇਖ-ਰੇਖ ਦਾ ਜਿੰਮਾ ਭਾਈ ਮਨੀ ਸਿੰਘ ਜੀ ਨੂੰ ਸੌਂਪਿਆ । ਭਾਈ ਮਨੀ ਸਿੰਘ ਜੀ ਦੀ ਨਿਗਰਾਨੀ ਹੇਠ ਬਾਲਕ ਦੀਪ ਸਿੰਘ ਨੇ ਵਿਦਿਆ,ਵਖ ਵਖ ਭਾਸ਼ਾਵਾਂ ਦਾ ਗਿਆਨ, ਗੁਰਬਾਣੀ ਦੀ ਸੰਥਿਆ, ਸ਼ਿਕਾਰ , ਸ਼ਸਤ੍ਰ ਵਿਦਿਆ, ਘੋੜ ਸਵਾਰੀ ਅਤੇ ਯੁਧ ਕਲਾ ਵਿੱਚ ਛੇਤੀ ਹੀ ਮੁਹਾਰਤ ਹਾਸਲ ਕਰ ਲਈ ।ਸੰਨ ੧੬੯੯ ਵਿੱਚ ਕੇਵਲ ੧੭ ਸਾਲ ਦੀ ਉਮਰ ਵਿੱਚ ਆਪਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਸੋਂ ਖੰਡੇ ਦੀ ਪਾਹੁਲ ਪ੍ਰਾਪਤ ਕੀਤੀ । ਚੜ੍ਹਦੀ ਜਵਾਨੀ ਵਿੱਚ ਹੀ ਆਪ ਮਹਾਨ ਵਿਦਵਾਨ, ਯੋਧੇ ਅਤੇ ਸਿਦਕੀ ਸਿੱਖ ਬਣ ਗਏ ।

ਆਪ ਜੀ ਦੇ ਮਾਤਾ-ਪਿਤਾ ਸ੍ਰੀ ਅੰਨਦਪੁਰ ਸਾਹਿਬ ਵਿਖੇ ਦਰਸ਼ਨ ਲਈ ਆਏ ਤਾਂ ਗੁਰੂ ਜੀ ਪਾਸੋਂ ਪੁਤਰ ਦੀਪ ਸਿੰਘ ਦੀ ਸ਼ਾਦੀ ਲਈ ਆਗਿਆ ਮੰਗੀ ਅਤੇ ੧੭੦੨ ਵਿੱਚ ਆਪ ਦੀ ਸ਼ਾਦੀ ਹੋਈ ।ਘਰ ਵੀ ਆਪ ਦਾ ਮਨ ਬਹੁਤਾ ਨ ਲਗਿਆ ।ਚਮਕੌਰ ਵਿਚ ਵਡੇ ਸਾਹਿਬਜ਼ਾਦਿਆਂ ਅਤੇ ਸਰਹਿੰਦ ਵਿਚ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਖਬਰ ਸੁਣ ਕੇ ਆਪ ਰੋਹ ਵਿਚ ਆ ਗਏ । ਆਪ ਨੇ ਘਰ ਛਡ ਕੇ ਗੁਰ ਚਰਨਾਂ ਵਿਚ ਜਾਣ ਦਾ ਫੈਸਲਾ ਕੀਤਾ।ਪਤਾ ਲਗਾ ਕਿ ਗੁਰੂ ਗੋਬਿੰਦ ਸਿੰਘ ਜੀ ਤਲਵੰਡੀ ਸਾਬੋ ਵਿਖੇ ਹਨ । ਆਪ ਜੀ ਗੁਰੂ ਚਰਨਾ ਵਿੱਚ ਜਾ ਹਾਜ਼ਿਰ ਹੋਏ।ਇਸੇ ਸਮੇਂ ਵਿੱਚ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਪੂੰਰਨ ਬਾਣੀ ਭਾਈ ਮਨੀ ਸਿੰਘ ਜੀ ਪਾਸੋਂ ਲਿਖਵਾ ਰਹੇ ਸਨ।ਇਸੇ ਬੀੜ ਨੂੰ ਦਮਦਮੀ ਬੀੜ ਕਿਹਾ ਜਾਦਾਂ ਹੈ । ਬਾਬਾ ਦੀਪ ਸਿੰਘ ਜੀ ਵੀ ਇਸ ਕਾਰਜ ਵਿਚ ਲਗ ਗਏ ।ਇਥੇ ਰਹਿ ਕੇ ਬਾਬਾ ਦੀਪ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਦੇ ਪੰਜ ਉਤਾਰੇ ਕੀਤੇ ।ਆਪ ਨੇ ਗੁਰਬਾਣੀ ਦੇ ਬਹੁਤ ਸਾਰੇ ਗੁਟਕੇ ਅਤੇ ਪੋਥੀਆਂ ਲਿਖ ਕੇ ਇਲਾਕੇ ਦੀਆਂ ਸੰਗਤਾਂ ਵਿਚ ਵੰਡੀਆਂ ।

ਆਪ ਜੀ ਨੂੰ ਦਮਦਮਾ ਸਾਹਿਬ ਵਿਖੇ ਗ੍ਰੰਥੀ ਨਿਯੁਕਤ ਕੀਤਾ ਗਿਆ । ਗੁਰੂ ਜੀ ਇਥੋਂ ਦਖਣ ਵਲ ਚਲੇ ਗਏ ਅਤੇ ਮਾਲਵੇ ਦੇ ਇਸ ਖੇਤਰ ਵਿੱਚ ਸਿਖੀ ਦਾ ਪ੍ਰਚਾਰ ਪ੍ਰਸਾਰ ਦਾ ਜ਼ਿੰਮਾ ਬਾਬਾ ਦੀਪ ਸਿੰਘ ਜੀ ਦੇ ਮੋਢਿਆਂ ਤੇ ਆ ਟਿਕਿਆ । ਆਪ ਨੇ ਇਸ ਕਾਰਜ ਨੂੰ ਬੜੀ ਸ਼ਰਧਾ ਭਾਵਨਾ ਅਤੇ ਕਾਮਯਾਬੀ ਨਾਲ ਨਿਭਾਇਆ। ਸਿਖਾਂ ਤੇ ਇਹ ਸਮਾਂ ਬਹੁਤ ਹੀ ਕਠਿਨ ਸੀ । ਸਿਖਾਂ ਤੇ ਨਿਤ ਨਵੇ ਜ਼ੁਲਮ, ਪਾਬੰਦੀਆਂ ਅਤੇ ਰੋਕਾਂ ਲਗਾਈਆਂ ਗਈਆਂ । ਬਾਵਜੂਦ ਇਸਦੇ ਆਪਨੇ ਸਿਖੀ ਦਾ ਪ੍ਰਚਾਰ ਪ੍ਰਸਾਰ ਕੀਤਾ।ਜੋ ਆਪ ਦੀ ਨਿਡਰਤਾ ਤੇ ਦ੍ਰਿੜਤਾ ਦਾ ਸਬੂਤ ਹੈ ।

ਦਸਮ ਪਿਤਾ ਵੀ ਨੰਵਵਰ ੧੭੦੮ ਵਿੱਚ ਜੋਤੀ ਜੋਤ ਸਮਾ ਗਏ । ਬਾਬਾ ਬੰਦਾ ਸਿੰਘ ਬਹਾਦਰ ਗੁਰੂ ਜੀ ਦਾ ਥਾਪੜਾ ਲੈਕੇ ਜ਼ਾਲਮਾ ਨੂੰ ਸੋਧਣ ਲਈ ਆਪਣੇ ਸਾਥੀਆਂ ਸਮੇਤ ਪੰਜਾਬ ਵਲ ਵਧ ਰਿਹਾ ਸੀ । ੧੭੦੯ ਵਿੱਚ ਸਢੌਰਾ ਵਿਖੇ ਬਾਬਾ ਦੀਪ ਸਿੰਘ ਜੀ ਬਾਬਾ ਬੰਦਾ ਸਿੰਘ ਬਹਾਦਰ ਨੂੰ ਮਿਲੇ । ਦੋਵਾਂ ਦੇ ਇਕਠੇ ਹੋਣ ਨਾਲ ਸਿੱਖਾਂ ਦੀ ਸ਼ਕਤੀ ਵਿੱਚ ਚੋਖਾ ਵਾਧਾ ਹੋਇਆ। ਸੰਨ ੧੭੩੩ ਵਿੱਚ ਆਪ ਸ਼ਹੀਦੀ ਮਿਸਲ ਦੇ ਜਥੇਦਾਰ ਥਾਪੇ ਗਏ। ਆਪ ਜੀ ਦੀ ਸੁਯੋਗ ਅਗਵਾਈ ਵਿਚ ਸਿੱਖ ਮਿਸਲਾਂ ਨੂੰ ਨਵੀਂ ਦਸ਼ਾ ਤੇ ਦਿਸ਼ਾ ਮਿਲੀ ।ਸੰਨ ੧੭੫੭ ਵਿੱਚ ਅਬਦਾਲੀ ਨੇ ਭਾਰਤ ਤੇ ਚੌਥਾ ਹਮਲਾ ਕੀਤਾ। ਜਦੋਂ ਭਾਰੀ ਗਿਣਤੀ ਵਿਚ ਮਜ਼ਲੂਮਾਂ ਦੇ ਕਤਲ ਅਤੇ ਲੁਟ ਮਾਰ ਕਰਕੇ ਦਿਲੀ ਤੋਂ ਵਾਪਸ ਪਰਤ ਰਿਹਾ ਸੀ ਤਾਂ ਬਾਬਾ ਜੀ ਨੂੰ ਇਹ ਖਬਰ ਮਿਲੀ ਕਿ ਅਬਦਾਲੀ ਲੁਟ ਮਾਰ ਦੇ ਨਾਲ ਬਹੁਤ ਸਾਰੀਆਂ ਔਰਤਾਂ , ਮਰਦਾਂ ਅਤੇ ਬਚਿਆਂ ਨੂੰ ਵੀ ਗੁਲਾਮ ਬਣਾ ਕੇ ਆਪਣੇ ਨਾਲ ਲਿਜਾ ਰਿਹਾ ਹੈ। ਆਪ ਨੇ ਆਪਣੇ ਸਾਥੀਆਂ ਸਮੇਤ ਕੁਰਕਸ਼ੇਤਰ ਨੇੜੇ ਅਹਿਮਦ ਸ਼ਾਹ ਅਬਦਾਲੀ ਦੀ ਫੌਜ ਤੇ ਹਮਲਾ ਕਰ ਦਿਤਾ । ਬਾਬਾ ਜੀ ਦੀ ਅਗਵਾਈ ਵਿਚ ਖਾਲਸਾ ਫੌਜਾਂ ਨੇ ਅਬਦਾਲੀ ਦੀ ਫੌਜ ਨੂੰ ਭਾਜੜਾਂ ਪਾ ਦਿਤੀਆ । ਹਿਦੁੰਸਤਾਨ ਦੀਆਂ ੩੦੦ ਔਰਤਾਂ ਅਤੇ ਮਰਦਾਂ ਨੂੰ ਆਜ਼ਾਦ ਕਰਵਾਇਆ ।੧੦੦ ਬਚੇ ਜਿਨ੍ਹਾਂ ਨੂੰ ਗੁਲਾਮ ਬਣਾ ਕੇ ਲਿਜਾਇਆ ਜਾ ਰਿਹਾ ਸੀ, ਬਚਾਕੇ ਆਜ਼ਾਦ ਕਰਵਾਏ । ਲੁਟ ਦਾ ਮਾਲ ਖੋਹਿਆ ਅਤੇ ਲੋੜਵੰਦ ਗਰੀਬਾਂ ਵਿੱਚ ਵੰਡ ਦਿੱਤਾ । ਦੇਸ਼ ਦੀ ਇਜ਼ੱਤ ਅਤੇ ਅਜ਼ਮਤ ਦੀ ਰਾਖੀ ਕੀਤੀ । ਇਹ ਹੈ ਇਕ ਸਿੱਖ, ਸੰਤ ਸਿਪਹੀ ਯੋਧੇ ਦਾ ਕਿਰਦਾਰ । ਇੱਕ ਸਿੱਖ ਜਰਨੈਲ ਦਾ ਜੀਵਨ ਅਤੇ ਆਚਰਣ । ਅਬਦਾਲੀ ਇਸ ਤੋਂ ਡਾਢਾ ਪਰੇਸ਼ਾਨ ਤੇ ਦੁਖੀ ਹੋਇਆ ।ਉਸਨੇ ਆਪਣੇ ਪੁੱਤਰ ਤੈਮੂਰਸ਼ਾਹ ਨੂੰ ਲਾਹੌਰ ਦਾ ਗਵਰਨਰ ਬਣਾਇਆ ਅਤੇ ੧੦੦੦੦ ਦੀ ਫੌਜ ਦੇ ਕੇ ਆਪ ਕਾਬਲ ਚਲਾ ਗਿਆ ।

ਤੈਮੂਰਸ਼ਾਹ ਨੇ ਆਪਣੇ ਪਿਤਾ ਦੀ ਹਿਦਾਇਤ ਤੇ ਪ੍ਰਣ ਕੀਤਾ ਕਿ ਸਿੱਖਾਂ ਦਾ ਖੁਰਾ ਖੋਜ ਮਿਟਾ ਦੇਣਾ ਹੈ । ਸੋ ਉਸਨੇ ਸਿੱਖਾਂ ਤੇ ਸਿਖੀ ਦੇ ਕੇਂਦਰ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਤੇ ਫੌਜਾਂ ਚੜ੍ਹਾ ਦਿੱਤੀਆਂ । ਮੁਗ਼ਲ ਫੌਜ ਨੇ ਜਹਾਨ ਖਾਨ ਦੀ ਅਗਵਾਈ ਵਿਚ ਤੋਪਾਂ ਨਾਲ ਸ੍ਰੀ ਹਰਮਿੰਦਰ ਸਾਹਿਬ ਅਤੇ ਅਕਾਲ ਤਖਤ ਨੂੰ ਢਹਿ ਢੇਰੀ ਕਰ ਦਿਤਾ ।ਅਮ੍ਰਿਤ ਸਰੋਵਰ ਵੀ ਮਿਟੀ ਅਤੇ ਮਲਬੇ ਨਾਲ ਪੂਰ ਦਿੱਤਾ । ਬਾਬਾ ਜੀ ਇਹ ਸੁਣ ਕੇ ਰੋਹ ਵਿੱਚ ਆ ਗਏ ਅਤੇ ਦਮਦਮਾ ਸਾਹਿਬ ਵਿਖੇ ਸਿਖਾਂ ਦਾ ਭਾਰੀ ਇੱਕਠ ਕੀਤਾ । ਆਪ ਜੀ ਨੇ ਸਿਖਾਂ ਨੂੰ ਹਾਲਾਤ ਤੋਂ ਜਾਣੂੰ ਕਰਵਾਇਆ ।

ਆਪ ਨੇ ਸਿਖਾਂ ਨੂੰ ਵੰਗਾਰਿਆ ਅਤੇ ਕਿਹਾ ਕਿ ਇਸ ਬੇਅਦਬੀ ਦਾ ਬਦਲਾ ਲੈਣਾ ਹੈ । ਗੁਰ ਅਸਥਾਨਾ ਦੀ ਮੁੜ ਉਸਾਰੀ ਕਰਵਾਉਣੀ ਹੈ ।੫੦੦ ਸਿੰਘਾਂ ਨੇ ਬਾਬਾ ਜੀ ਅਗੇ ਪੇਸ਼ ਹੋਕੇ ਆਪਣੇ ਆਪ ਨੂੰ ਸਮਰਪਿਤ ਕੀਤਾ । ਬਾਬਾ ਦੀਪ ਸਿੰਘ ਜੀ ਨੇ ਗੁਰੂ ਅਗੇ ਅਰਦਾਸਾ ਸੋਧਿਆ ਅਤੇ ਸਾਥੀਆਂ ਸਮੇਤ ਅਮ੍ਰਿਤਸਰ ਵਲ ਕੂਚ ਕਰ ਦਿਤਾ । ਰਸਤੇ ਵਿੱਚ ਹੋਰ ਸਿੰਘ ਜੁੜਦੇ ਗਏ ਅਤੇ ਤਰਨਤਾਰਨ ਤੱਕ

ਪਹੁੰਚਦਿਆਂ ਇਹ ਗਿਣਤੀ ੫੦੦੦ ਹੋ ਗਈ ।ਉਧਰ ਮੁਗ਼ਲ ਫੌਜ ਨੂੰ ਵੀ ਇਸਦੀ ਖਬਰ ਲਗ ਚੁਕੀ ਸੀ ।ਸਿਖਾਂ ਨੂੰ ਅੰਮ੍ਰਿਤਸਰ ਪੁਜਣੋਂ ਰੋਕਣ ਲਈ ਮੁਗਲ ਫੌਜ਼ਾਂ ਨੇ ਅਮ੍ਰਿਤਸਰ ਤੋਂ ਲਗਭਗ ੧੦ ਕਿਲੋਮੀਟਰ ਅਗੇ ਗੋਹਲਵੜ ਪਿੰਡ ਦੇ ਨੇੜੇ ਬਾਬਾ ਜੀ ਦਾ ਰਸਤਾ ਰੋਕਿਆ।ਘਮਸਾਨ ਦਾ ਯੁਧ ਹੋਇਆ।ਸਿੰਘਾਂ ਦੀ ਸੂਰਮਗਤੀ ਦੇ ਅਗੇ ਮੁਗ਼ਲ ਫੋਜ ਟਿਕ ਨਾ ਸਕੀ । ਗੋਹਲਵੜ ਦੀ ਲੜਾਈ ਵਿਚ ਸਿੰਘਾਂ ਨੇ ੧੦੦੦੦ ਦੀ ਮੁਗ਼ਲ ਫੋਜ ਨੂੰ ਪਿੰਡ ਚਬੇ ਤੱਕ ਪਿਛੇ ਧਕੇਲ ਦਿੱਤਾ ।ਚਬੇ ਬੈਠਾ ਮੁਗਲ ਫੌਜ਼ ਦਾ ਮੁਖੀ ਅਟਲ ਖਾਨ ਨੇ ਬਾਬਾ ਜੀ ਦੇ ਸਾਮ੍ਹਣੇ ਆਇਆ ।ਇਸ ਆਮ੍ਹੋ ਸਾਮ੍ਹਣੀ ਲੜਾਈ ਵਿੱਚ ਬਾਬਾ ਜੀ ਵੀ ਸਖਤ ਜ਼ਖਮੀ ਹੋ ਗਏ । ਜ਼ਖਮੀਂ ਹੁੰਦੇ ਵੀ ਆਪ ਦੁਸ਼ਮਣਾਂ ਨਾਲ ਜੂਝਦੇ ਹੋਏ ਸ੍ਰੀ ਅਮ੍ਰਿਤਸਰ ਵਲ ਵਧਦੇ ਰਹੇ ।ਆਪਣੇ ਕੀਤੇ ਪ੍ਰਣ ਅਨੁਸਾਰ ਅਪਣਾ ਸੀਸ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਪਰਿਕਰਮਾ ਚ ਭੇਟ ਕਰਕੇ ਸੂਰਮਗਤੀ ਨੂੰ ਪ੍ਰਾਪਤ ਹੋਏ ।

ਧੜ ਤੋਂ ਵੱਖ ਹੋਇਆ ਸਿਰ ਤਲੀ ਤੇ ਰਖ, ਦੂਜੇ ਹਥ ਵਿੱਚ ੧੮ ਸੇਰ ਦਾ ਖੰਡਾ ਫੜੀ ੭੫ ਸਾਲ ਦੀ ਉਮਰ ਦਾ ਇਹ ਮਹਾਨ ਸਿਖ ਯੋਧਾ ਗੁਰੂ ਨਾਲ ਆਪਣੀ ਪ੍ਰੀਤ ਨਿਭਾ ਗਿਆ । ਅੰਤ ੧੧ ਨਵੰਬਰ ੧੭੫੭ ਵਿੱਚ ਗੁਰ ਚਰਨਾਂ ਵਿਚ ਆਪਣਾਂ ਸੀਸ ਭੇਟ ਕਰ ਦਿਤਾ । ਬਾਬਾ ਜੀ ਦਾ ਸਮੁਚਾ ਜੀਵਨ ਸਾਡੇ ਲਈ ਚਾਨਣ ਮੁਨਾਰਾ ਹੈ ।

## ਨਵੰਬਰ ਮਹੀਨੇ ਦੇ ਸਮਾਗਮ:-

1. ਨਾਨਕਸ਼ਾਹੀ ਜੰਤਰੀ ਅਨੁਸਾਰ ਮੱਘਰ ਮਹੀਨੇ ਦੀ ਪਹਿਲੀ ਤਰੀਕ ਦਾ ਸਮਾਗਮ ਮਿਤੀ 16-11-2015 ਦਿਨ ਸੋਮਵਾਰ ਸ਼ਾਮ ਨੂੰ 6.30 ਤੋਂ 9.00 ਵਜੇ ਤੱਕ ਦੇ ਵਿਸ਼ੇ'ਮੰਘਿਰਿ ਮਾਹਿ ਸੁਹੰਦੀਆ ਹਰਿ ਪਿਰ ਸੰਗਿ ਬੈਠੜੀਆ ॥' ਤੇ ਸਮਾਗਮ ਗੁਰਮਤਿ ਪ੍ਰਸਾਰ ਭਵਨ, ਛੱਜੂ ਮਾਜਰਾਂ ਰੋਡ,ਸਾਹਮਣੇ ਸੰਨੀ ਇਨਕਲੇਵ ਮੁੰਡੀ ਖਰੜ ਵਿਖੇ ਆਯੋਜਿਤ ਕੀਤਾ ਜਾਵੇਗਾ।ਸਮਾਪਤੀ ਤੇ ਗੁਰੂ ਕੇ ਲੰਗਰ ਅਤੁੱਟ ਵਰਤਣਗੇ ।

2. **ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੂਰਬ**

ਪ੍ਰਭਾਤ ਫੇਰੀਆਂ:- ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੂਰਬ ਨੂੰ ਮਨਾਉਦੇ ਹੋਏ ਗੁਰਦੁਆਰਾ ਗੁਰਮਤਿ ਪ੍ਰਸਾਰ ਭਵਨ ਤੋਂ ਮਿਤੀ 17-11-2015 ਨੂੰ ਪ੍ਰਭਾਤ ਫੇਰੀਆਂ ਅਰੰਭ ਕੀਤੀਆਂ ਜਾਣਗੀਆ ।ਪ੍ਰਭਾਤ ਫੇਰੀਆਂ ਦੀ ਸਮਾਪਤੀ ਮਿਤੀ 24-11-2015 ਨੂੰ ਕੀਤੀ ਜਾਵੇਗੀ।

ਧੰਨ-ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਵਾਲੇ ਦਿਨ ਗੁਰਮਤਿ ਸਮਾਗਮ :- ਧੰਨ-ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਵਾਲੇ ਦਿਨ ਗੁਰਮਤਿ ਪ੍ਰਸਾਰ ਭਵਨ ਵਿਖੇ ਮਿਤੀ 25-11-2015 (ਬੁੱਧਵਾਰ) ਨੂੰ ਸਵੇਰੇ 7.30 ਵਜੇ ਤੋਂ 11.30 ਵਜੇ ਤੱਕ ਗੁਰਮਤਿ ਸਮਾਗਮ ਹੋਣਗੇ। ਜਿਸ ਵਿੱਚ ਪ੍ਰਭਾਤ ਫੇਰੀਆਂ ਵਿੱਚ ਜਾਣ ਵਾਲੀ ਸਮੂਹ ਸੰਗਤ ਨੇ ਸੰਗਤੀ ਰੂਪੂ ਵਿੱਚ ਇਲਾਹੀ ਬਾਣੀ ਦੇ ਕੀਰਤਨ ਦੀ ਸੇਵਾ ਨਿਭਾਵੇਗੀ ਸਮਾਪਤੀ ਤੇ ਗੁਰ ਕੇ ਲੰਗਰ ਅਤੁੱਟ ਵਰਤਾਏ ਜਾਣਗੇ।

ਗੱਤਕਾ ਟੀਮ ਦੇ ਜੌਹਰ :- ਧੰਨ-ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਵਾਲੇ ਦਿਨ ਗੁਰਮਤਿ ਪ੍ਰਸਾਰ ਭਵਨ ਵਿਖੇ ਮਿਤੀ 25-11-2015 (ਬੁੱਧਵਾਰ) ਨੂੰ ਸਵੇਰੇ ਗੁਰਮਤਿ ਪ੍ਰਸਾਰ ਗੱਤਕਾ ਟੀਮ ਗੱਤਕੇ ਦੇ ਜੌਹਰ 10.30 ਵਜੇ 11.30 ਵਜੇ ਦਿਖਾਵੇਗੀ

# ਗੁਰੁ ਪੂਰੇ ਵਿਣੁ ਡਾਂਗ ਡੰਗੂਸੇ

ਸਿੱਖ ਦੇ ਜੀਵਨ ਦਾ ਆਧਾਰ ਧੰਨ-ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਹੈ। ਗੁਰੂ ਨਾਨਕ ਪਾਤਸ਼ਾਹ ਦੀ ਲੋਕਾਈ ਨੂੰ ਮਹਾਨ ਦੇਣ, ਮਨੁਖ ਨੂੰ ਸ਼ਬਦ ਗੁਰੂ ਦੇ ਲੜ ਲਾਉਣਾ ਅਤੇ ਜੁਗ ਜੁਗੰਤਰਾ ਤੱਕ ਇਸ ਨੂੰ ਫੋਕਟ ਕਰਮਾ, ਭਰਮਾ, ਵਹਿਮਾ,ਊਚ-ਨੀਚ, ਛੂਤ-ਛਾਤ, ਅਤੇ ਅਨੇਕਾਂ ਤਰਾਂ ਦੇ ਮਨੁਖਾਂ ਦੀ ਵੰਡ ਤੋਂ ਛੁਟਕਾਰਾ ਪਵਾਉਣਾ ਹੈ ।

ਗੁਰਬਾਣੀ (ਸ਼ਬਦ) ਹੀ ਸਦੀਵੀ ਗੁਰੂ ਹੈ ਅਤੇ ਮਨੁਖ ਦੀ ਹਰ ਪਹਿਲੂ ਤੋਂ ਅਗਵਾਈ ਕਰਦੀ ਹੈ । ਸੰਪੂਰਨ ਮਨੁਖਤਾ ਨੂੰ ਇੱਕ ਸਾਰ ਜੀਵਨ-ਜਾਚ ਬਖਸ਼ਦੀ ਹੈ । ਪਰ ਅਫਸੋਸ ਕੇ ਸਾਡੇ ਪਾਸ ਇਤਨਾ ਅਮੋਲਕ ਖਜਾਨਾ ਹੋਣ ਦੇ ਬਾਵਜੂਦ ਵੀ ਅਸੀ ਇਸ ਦੇ ਗਿਆਨ/ਪ੍ਰਕਾਸ਼ ਤੋਂ ਵਾਝੇ ਹਾਂ ਅਤੇ ਅਨੇਕ ਤਰਾਂ ਦੇ ਦੁਖ-ਕਲੇਸ਼ ਭੋਗ ਰਹੇ ਹਾਂ ।

ਭਾਈ ਗੁਰਦਾਸ ਜੀ ਦੀ ਹੇਠ ਲਿਖੀ ਪਉੜੀ ਇਸ ਸੰਧਰਬ ਵਿੱਚ ਸਾਨੂੰ ਸੁਚੇਤ ਕਰਦੀ ਹੈ ਅਤੇ ਤਾੜਨਾ ਭੀ ਕਰਦੀ ਹੈ ।

ਸੁਖ ਸਾਗਰੁ ਗੁਰੁ ਛਡਿ ਕੈ ਭਵਜਲ ਅੰਦਰਿ ਭੰਭਲਭੂਸੇ।
ਲਹਰੀ ਨਾਲਿ ਪਛਾੜੀਅਨਿ ਹਉਮੈ ਅਗਨੀ ਅੰਦਰ ਲੂਸੇ।
ਜਮ ਦਰਿ ਬਧੇ ਮਾਰੀਅਨਿ ਜਮਦੂਤਾ ਦੇ ਧਕੇ ਧੂਸੇ।
ਗੋਇਲਿ ਵਾਸਾ ਚਾਰਿ ਦਿਨ ਨਾਉ ਧਰਾਇਨਿ ਈਸੇ ਮੂਸੇ।
ਘਟਿ ਨ ਕੋਇ ਅਖਾਇਦਾ ਆਪੋ ਧਾਪੀ ਹੈਰਤ ਹੂਸੇ।
ਸਾਇਰ ਦੇ ਮਰਜੀਵੜੇ ਕਰਨਿ ਮਜੂਰੀ ਖੇਚਲ ਖੂਸੇ।
ਗੁਰੁ ਪੂਰੇ ਵਿਣੁ ਡਾਂਗ ਡੰਗੂਸੇ ॥੧੩॥

ਭਾਈ ਗੁਰਦਾਸ ਜੀ (ਵਾਰ ੧੫ ਪਉੜੀ ੧੩)

ਗੁਰੂ ਰੂਪ ਸੁਖਾਂ ਦੇ ਸਾਗਰ ਨੂੰ ਛਡ ਕੇ ਮਨੁਖ ਦੇ ਜੀਵਨ ਵਿੱਚ ਭੰਭਲ ਭੂਸੇ, ਖਜਲ-ਖੁਆਰੀ ਹੀ ਹੈ । ਸੰਸਾਰ ਦੀਆਂ ਵਿਕਾਰਾਂ/ਮਾਇਆ ਦੀਆਂ ਲਹਿਰਾਂ ਵਿੱਚ ਫਸਿਆ ਮਨੁਖ ਤ੍ਰਿਸ਼ਨਾ/ਅੰਹਕਾਰ ਦੀ ਅੱਗ ਵਿੱਚ ਸੜ ਰਿਹਾ ਹੈ । ਇਹੋ ਜਿਹੇ ਮਨੁਖ ਨੂੰ ਜਮਾਂ ਦੇ ਧਕੇ ਪੈਂਦੇ ਹਨ । ਭਾਵਾਂ ਇਸ ਸੰਸਾਰ ਵਿੱਚ ਕੁਝ ਦਿਨ ਹੀ ਜੀਵਨ ਹੈ ਪਰ ਮਨੁਖ ਅਪਣੇ ਆਪ ਨੂੰ ਵਡੇ ਤੋਂ ਵਡਾ ਅਖਵਾਉਣ ਦਾ ਯਤਨ ਕਰਦਾ ਹੈ ਅਪਣੇ ਆਪ ਨੂੰ ਰਬ ਹੀ ਅਖਵਾਉਣਾ ਚਹੁੰਦਾ ਹੈ । ਕੋਈ ਵੀ ਅਪਣੇ ਆਪ ਨੂੰ ਘਟ ਨਹੀਂ ਸਮਝਦਾ ਅਤੇ ਸਾਰੇ ਹੀ ਆਪੋ ਧਾਪੀ ਵਿੱਚ ਫਸੇ ਜੀਵਨ ਬਿਤਾ ਰਹੇ ਨੇ। ਅੰਤ ਵਿੱਚ ਭਾਈ ਗੁਰਦਾਸ ਜੀ ਸਾਨੂੰ ਸੁਚੇਤ ਕਰਦੇ ਹਨ ਕਿ ਪੂਰੇ ਗੁਰੂ ਤੋਂ ਬਗੈਰ ਕੇਵਲ ਤੇ ਕੇਵਲ ਮਨੁਖ ਦੇ ਜੀਵਨ ਵਿੱਚ ਡਾਂਗ ਡੰਗੂਸੇ/ਅਰਥਾਤ ਅਸ਼ਾਂਤੀ/ ਫਸਾਦ ਹੀ ਹੈ ।

ਇਸ ਲਈ ਅਜ ਦੇ ਮਹੋਲ ਵਿੱਚ ਸਾਨੂੰ ਅਪਣੇ ਗੁਰੂ ਦੀ ਮਹਾਨਤਾ ਅਤੇ ਉਸ ਵਿੱਚ ਦਿਤੀ ਜੀਵਨ-ਜਾਚ ਨੂੰ ਸਮਝਣ, ਕਮਾਉਣ ਅਤੇ ਗੁਰੂ ਦੇ ਉਪਦੇਸ਼ਾਂ ਨੂੰ ਸੰਸਾਰ ਤੱਕ ਪਹੁੰਚਾਣ ਦੀ ਲੋੜ ਹੈ।

ਆਓ ਹੰਭਲਾ ਸਾਰੀਏ, ਗੁਰੂ ਦੀ ਮਤਿ ਲੈ ਕੇ ਜੀਵਨ ਸਫਲਾ ਕਰੀਏ ।

ਨਰਿੰਦਰ ਬੀਰ ਸਿੰਘ

# ਰਾਗ ਸੂਹੀ

ਪ੍ਰੋ. ਜਸਵਿੰਦਰ ਸਿੰਘ
98141-85854

ਥਾਟ : ਬਿਲਾਵਲ
ਸੁਰ : ਦੋਵੇਂ ਨਿਸ਼ਾਦ ਬਾਕੀ ਸ਼ੁਧ
ਵਰਜਿਤ ਸੁਰ : ਕੋਈ ਨਹੀ
ਜਾਤੀ : ਸੰਪੂਰਨ-ਸੰਪੂਰਨ
ਵਾਦੀ ਸੁਰ : ਪੰਚਮ
ਸੰਵਾਦੀ : ਸ਼ੜਜ
ਸਮਾਂ : ਦਿਨ ਦਾ ਦੂਜਾ ਪਹਿਰ
ਅਰੋਹ : ਸ, ਰੇ ਗ ਮ ਪ, ਨੀ ਧ ਨੀ ਸਂ ।
ਅਵਰੋਹ : ਸਂ ਨ਼ੀ ਧ ਪ, ਮ ਗ, ਰੇ ਗ ਰੇ ਸ ।
ਪਕੜ : ਸਂ ਨ਼ੀ ਪ, ਮ ਗ ਰੇ ਗ, ਮ ਗ ਰੇ ਸ ।

## ਰਾਗ ਸੂਹੀ ਤਿੰਨ ਤਾਲ ਮੱਧ ਲੈਅ

| ਤਾਲ ਚਿੰਨ੍ਹ | 1<br>x | 2 | 3 | 4 | 5<br>2 | 6 | 7 | 8 | 9<br>0 | 10 | 11 | 12 | 13<br>3 | 14 | 15 | 16 |
|---|---|---|---|---|---|---|---|---|---|---|---|---|---|---|---|---|
| ਸਥਾਈ | | | | | | | | | ਸਂਰੇਂ<br>ਐਸ | ਨੀਸਂ<br>SS | ਨ਼ੀਪ<br>ਸਾS | ਪ<br>S | –<br>S | ਪਪ<br>ਗਿਆ | ਗ<br>ਨੁ | ਮ<br>ਜ |
| | ਪਪ<br>ਪਹੁ | ਪ<br>S | ਗ<br>ਮ | ਮ<br>ਨ | ਗ<br>ਮੇ | ਰੇ<br>S | ਸ<br>ਰੇ | –<br>S | ਸ<br>ਹੋ | ਰੇ<br>S | ਗ<br>ਵਹੁ | ਰੇ<br>S | ਗ<br>ਚਾ | ਮ<br>S | ਗ<br>ਕ | ਗ<br>ਰ |
| | ਗ<br>ਸਾ | ਮ<br>S | ਪ<br>ਚੇ | ਮ<br>S | ਗ<br>ਕੇ | ਰੇ<br>S | ਸ<br>ਰੇ | –<br>S | | | | | | | | |
| ਅੰਤਰਾ | | | | | | | | | ਪ<br>ਅੰ | ਪ<br>ਤ | ਪ<br>ਰਿ | ਪ<br>ਵ | ਨੀ<br>ਸੈ | ਧ<br>S | ਨੀ<br>S | ਨੀ<br>ਨ |
| | ਸਂ<br>ਬਾ | –<br>S | ਸਂ<br>ਹ | ਸਂ<br>ਰਿ | ਸਂ<br>ਜਾ | ਰੇਂ<br>S | ਸਂ<br>S | ਸਂ<br>ਇ | ਸਂ<br>ਅੰ | ਰੇਂ<br>S | ਗਂ<br>ਮ੍ਰਿ | ਮਂ<br>ਤ | ਗਂ<br>ਛੋ | ਰੇਂ<br>S | ਸਂ<br>ਡਿ | ਸਂ<br>ਕਾ |
| | ਨ਼ੀ<br>ਹੇ | ਧ<br>S | ਪ<br>ਬਿ | ਮ<br>ਖ | ਗਰੇ<br>ਖਾS | ਗ<br>S | ਰੇ<br>S | ਸ<br>ਇ | | | | | | | | |

ਪੰਨਾ ੭੨੯ - ਸੂਹੀ ਮਹਲਾ ੧ ਘਰੁ ੨ ੴ ਸਤਿਗੁਰ ਪ੍ਰਸਾਦਿ
ਅੰਤਰਿ ਵਸੈ ਨ ਬਾਹਰਿ ਜਾਇ ॥ ਅੰਮ੍ਰਿਤੁ ਛੋਡਿ ਕਾਹੇ ਬਿਖੁ ਖਾਇ ॥੧॥
ਐਸਾ ਗਿਆਨੁ ਜਪਹੁ ਮਨ ਮੇਰੇ ॥ ਹੋਵਹੁ ਚਾਕਰ ਸਾਚੇ ਕੇਰੇ ॥੧॥ ਰਹਾਉ ॥
ਗਿਆਨੁ ਧਿਆਨੁ ਸਭੁ ਕੋਈ ਰਵੈ ॥ ਬਾਂਧਨਿ ਬਾਂਧਿਆ ਸਭੁ ਜਗੁ ਭਵੈ ॥੨॥
ਸੇਵਾ ਕਰੇ ਸੁ ਚਾਕਰੁ ਹੋਇ ॥ ਜਲਿ ਥਲਿ ਮਹੀਅਲਿ ਰਵਿ ਰਹਿਆ ਸੋਇ ॥੩॥
ਹਮ ਨਹੀ ਚੰਗੇ ਬੁਰਾ ਨਹੀ ਕੋਇ ॥ ਪ੍ਰਣਵਤਿ ਨਾਨਕੁ ਤਾਰੇ ਸੋਇ ॥੪॥੧॥੨॥

ਨੋਟ:- ਅਖ਼ੀਰਲੇ ਅੰਕਾਂ ਵਿਚੋਂ ਅੰਕ ੧ ਦੱਸਦਾ ਹੈ ਕਿ 'ਘਰੁ ੨' ਦਾ ਇਹ ਪਹਿਲਾ ਸ਼ਬਦ ਹੈ ।

# ਗਤੀਵਿਧੀਆਂ

1. ਨਾਨਕਸ਼ਾਹੀ ਜੰਤਰੀ ਅਨੁਸਾਰ ਕੱਤਕ ਮਹੀਨੇ ਦੀ ਪਹਿਲੀ ਤਰੀਕ ਦਾ ਸਮਾਗਮ ਮਿਤੀ 17-10-2015 ਦਿਨ ਸ਼ਨੀਵਾਰ ਸ਼ਾਮ ਨੂੰ 7.00 ਤੋਂ 9.00 ਵਜੇ ਤੱਕ ਗੁਰਮਤਿ ਪ੍ਰਸਾਰ ਭਵਨ, ਛੱਜੂ ਮਾਜਰਾਂ ਰੋਡ,ਸਾਹਮਣੇ ਸੰਨੀ ਇਨਕਲੇਵ ਮੁੰਡੀ ਖਰੜ ਵਿਖੇ ਆਯੋਜਿਤ ਕੀਤਾ ਗਿਆ ਜਿਸ ਵਿਚੱ ਕੀਰਤਨ ਤੇ ਕਥਾ ਦੀ ਸੇਵਾ ਗੁਰਮਤਿ ਪ੍ਰਸਾਰ ਟ੍ਰੇਨਿੰਗ ਇੰਨਸਟੀਚਿਊਟ ਦੇ ਵਿਦਿਆਰਥੀਆਂ ਨੇ ਨਿਭਾਈ।ਸਮਾਪਤੀ ਤੇ ਗੁਰੂ ਕੇ ਲੰਗਰ ਅਤੁੱਟ ਵਰਤੇ।

**2. <u>ਅਧਿਆਪਕ ਸਿਖਲਾਈ ਕਾਰਜਸ਼ਾਲਾ:-</u>**

ਸਤਿਨਾਮੁ ਸਰਬ ਕਲਿਆਣ ਟਰੱਸਟ(ਰਜਿ.) ਚੰਡੀਗੜ੍ਹ ਦੁਆਰਾ ਪਿੰਡਾਂ ਦੇ ਸਕੂਲਾ ਵਿੱਚ ਧਾਰਮਿਕ ਸਿਖਿਆ ਦੇਣ ਲਈ ਅਧਿਆਪਕ ਲਗਾਏ ਜਾਦੇਂ ਹਨ ਉਹਨਾਂ ਅਧਿਆਪਕਾ ਦੀ 9ਵੀ ਧਾਰਮਿਕ ਅਧਿਆਂਪਕ ਸਿਖਲਾਈ ਕਾਰਜਸ਼ਾਲਾ ਮਿਤੀ 9-11 ਅਕਤੂਬਰ ਤੱਕ ਮਾਤਾ ਗੁਜਰੀ ਕਾਲਿਜ ਸ੍ਰੀ ਫਤਿਹਗੜ ਸਾਹਿਬ ਵਿਖੇ ਹੋਈ ਜਿਸ ਵਿੱਚ ਵੱਖ-ਵੱਖ ਵਿਦਵਾਨਾ ਨੇ ਆਪਣੇ ਵਿਚਾਰ ਸਾਂਝੇ ਕੀਤੇ ਪ੍ਰਿੰਸੀਪਲ ਨਰਿੰਦਰਬੀਰ ਸਿੰਘ ਜੀ ਨੇ 10-10-2015 ਨੂੰ ਇਸ ਕਾਰਜ਼ਸ਼ਾਲਾ ਵਿੱਚ ਗੁਰਬਾਣੀ ਰਾਹੀ ਬੱਚਿਆਂ ਨੂੰ ਕਿਵੇ ਜੀਵਨ-ਜੁਗਤਿ ਸਮਝਾਈਏ ਦੇ ਵਿਸ਼ੇ ਤੇ ਵਿਚਾਰਾਂ ਦੀ ਸਾਝ ਪਾਈ। ਬੱਚਿਆਂ ਅਤੇ ਹੋਰ ਪਤਵੰਤੇ ਹਾਜ਼ਰ ਸੱਜਣਾ ਨੇ ਇਸ ਦਾ ਭਰਵਾਂ ਲਾਭ ਉਠਾਇਆ ਸਤਿਨਾਮੁ ਸਰਬ ਕਲਿਆਣ ਟਰੱਸਟ ਵਲੋਂ ਪ੍ਰਿੰਸੀਪਲ ਨਰਿੰਦਰਬੀਰ ਸਿੰਘ ਜੀ ਦਾ ਧੰਨਵਾਦਿ ਕੀਤਾ ਗਿਆ ਅਤੇ ਮਮੈਂਟੋ ਨਾਲ ਸਨਮਾਨਿਤ ਕੀਤਾ ਗਿਆ।














# ਗੁਰਮਤਿ ਪ੍ਰਸਾਰ ਮੈਡੀਕਲ ਸੇਵਾ ਸੈਂਟਰ

## ਐਸੋਸੀਏਟਸ: ਸੇਵਕਸ ਚੈਰੀਟੇਬਲ ਟ੍ਰੱਸਟ (ਰਜਿ.) ਚੰਡੀਗੜ੍ਹ

HELP NEEDY

ਸੋਸਾਇਟੀ ਵਲੋਂ ਚਲਾਏ ਜਾ ਰਹੇ ਮੈਡੀਕਲ ਸੇਵਾ ਸੈਂਟਰ ਵਿਚ ਦਿਤੀਆਂ ਜਾ ਰਹੀਆਂ ਸੇਵਾਵਾਂ ਦਾ ਸੰਗਤਾਂ ਭਰਵਾਂ ਲਾਭ ਉਠਾ ਰਹੀਆਂ ਹਨ। ਅਕਤੂਬਰ ਮਹੀਨੇ ਦੇ ਅੰਕੜੇ ਇਸ ਪ੍ਰਕਾਰ ਹਨ।

| Sr. No. | Name of Deptt. | No. of Patients | | |
|---|---|---|---|---|
| | | New | Old | Total |
| 1 | General Medical | 88 | 150 | 238 |
| 2 | Eye | 07 | 18 | 25 |
| 3 | Cardiology | 04 | 35 | 39 |
| 4 | Dental | 30 | 68 | 98 |
| 5 | Gynaecology | 13 | 22 | 35 |
| 6 | Homoeopathy | 35 | 246 | 281 |
| | **Total** | **187** | **531** | **718** |
| | Laboratory | 51 | - | 51 |

## ਧੰਨਵਾਦਿ :

## ਅਕਤੂਬਰ 2015 ਵਿਚ ਪ੍ਰਾਪਤ ਸਹਾਇਤਾ ਦਾ ਵੇਰਵਾ:-

1. S. Amarpreet Singh #416 /Sec 44A/Chd 1,000/-
2. S. Ranjit Singh Gurdwara Sahib Sec. 29B 500/-
3. S. Amanjot Singh Gurdwara Sahib/Sec38 600/-
4. S. Paramjit Singh #256/1 /Sec 45A/Chd 1,000/-
5. S. D.P Singh #393/Phase 9/Mohali 13,100/-
6. S. Dhanwant Singh #447/Phase 4/Mohali 500/-
7. All Indian Sikh Federation(Regd.) D-9 Green Park Extn. New Delhi 21,000/-
8. S. Narinder Bir Singh #1444/Sec 34C 2000/-
9. Bibi Surjit Kaur #1444/Sec 34C/Chd 2,000/-
10. Giani Ranjit Singh #2846/2/Sec.47C/Chd 5,100/-
11. Bibi Preetinder Kaur E-3,Greater Kailash Part-1/New Delhi 10,000/-
12. Col. H.S Uppal #306/Sec 33A/Chd 20,000/-
13. Col. Ranjit Singh #207/Sec 33A/Chd 10,000/
14. S. Manjit Singh Monga #3313 /Sec 46C 700/-
15. S. Gurpal Singh / Mundi Kharar 100/-
16. S. Gurpreet Singh / Mundi Kharar 200/-
17. S. Aarv Singh / Mundi Kharar 200/-
18. Bibi Jasbir Kaur/ Mundi Kharar 100/-
19. Bibi Dalbir Kaur/ Mundi Kharar 100/-
20. Satkar Properties / Mundi Kharar 500/-
21. S. Amarjit Singh / Mundi Kharar 100/-
22. S. Naunihal Singh/Mundi Kharar 500/-
23. Dr. Satwant Singh Kharar 100/-
24. S. Gursagar Singh/ Mundi Kharar 100/-
25. Sunny/ Mundi Kharar 100/-
26. S. Faujinder Singh #166/Ph4/Mohali 10,000/-
27. S. Balwinder Singh & Mrs. Iqbal Kaur U.S.A./New Delhi 3,240/-
28. S.Ajit Singh & Mrs. Amarjit KaurPlot 6B 50,000/- Sapna Ghar Society/Sec11/Dwarka/New Delhi
29. Gurdwara Shri Guru Kalgidhar Singh Sabha Phase-4/Mohali 3,100/-
30. Sewak Charitable Trust(Regd.) SCO 1104-05 Sec. 22B,Chd 75,00/-
31. S. Ranjit Singh/ Pind Ghasoli/Ropar 1500/-
32. S. Deep Singh #2978/Phase 7/Mohali 500/-
33. Bibi Rajinder Kaur #345/Sec 15A/Chd 2,000/-
34. Bibi Gurdeep Kaur #461/Sec 44A/Chd 500/-
35. S. Harsharnpal Singh Bhatia #461/Sec 44A/Chd 500/-
36. Bibi Harpreet Kaur #461/Sec 44A/Chd 500/-
37. Bibi. Harleen Kaur Sarna #107G, Shivalik Vihar Naya Goan, Mohali 500/-
38. Bibi. Rajleen Kaur #836/Phase II/Mohali 500/-
39. S. Mohinder Singh #3411/Sec. 49 200/-
40. S. Surinder Singh/House - Fed Mohali 100/-
41. Bibi. Narinder Kaur #800/Sec. 43B/Chd 600/-
42. Bibi Tejinder Kaur Bhatia/K.No. 105/11A 5,000/-
43. Dr. Saranjit Singh #2817/Phase 7/Mohali 2,000/-
44. S. Kuldip Singh Kothi No. 1541/Sec. 69/Mohali 15,000/-
45. Bibi Harsharan Kaur Sethi #1440/Sec 34C/Chd 500/-

**ਬੇਨਤੀ**

ਆਪਣੇ ਦਸਵੰਧ ਵਿੱਚੋਂ ਵੱਧ ਤੋਂ ਵੱਧ ਮਾਇਆ ਸੋਸਾਇਟੀ ਦੇ ਕਾਰਜਾਂ ਲਈ ਭੇਜ ਕੇ ਗੁਰਮਤਿ ਪ੍ਰਸਾਰ ਵਿੱਚ ਯੋਗਦਾਨ ਪਾਓ ਤੇ ਗੁਰੂ ਦੀਆਂ ਅਸੀਸਾਂ ਪ੍ਰਾਪਤ ਕਰੋ ਜੀ। ਮਾਇਆ ਚੈੱਕ ਰਾਹੀਂ ਵੀ ਭੇਜੀ ਜਾ ਸਕਦੀ ਹੈ। ਸੋਸਾਇਟੀ ਦਾ SB A/c No.07111000004108, IFS Code: PSIB0000711 PAN No. AAATG4268N ਪੰਜਾਬ ਐਂਡ ਸਿੰਧ ਬੈਂਕ, ਸੈਕਟਰ 36, ਚੰਡੀਗੜ੍ਹ ਵਿਖੇ ਹੈ ਜੀ। ਸੋਸਾਇਟੀ ਨੂੰ ਭੇਜੀ ਗਈ ਮਾਇਆ ਤੇ Income Tax ਦੀ ਧਾਰਾ 80-G ਦੇ ਅੰਤਰਗਤ ਛੋਟ ਉਪਲਬਧ ਹੈ।